**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈਂਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
'ਲਿਟਰੇਰੀ ਰਿਫਲੈੱਕਸ਼ਨਜ਼' ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਸਬੰਧੀ ਕਰਵਾਇਆ ਸੈਮੀਨਾਰ 04

**ਅੰਦਰਲੀ ਖ਼ਬਰ**
ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਦੇ ਸਲਾਨਾ ਮੇਲੇ 'ਚ ਲੱਗੀਆਂ ਖ਼ੂਬ ਰੌਣਕਾਂ 07



**ਲੇਖ**
ਕਾਸ਼! ਸੜਕਾਂ ਦੇ ਢਿੱਡ ਹੁੰਦੇ ?



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 15 ਅਗਸਤ ਤੋਂ 21 ਅਗਸਤ, 2024 | Email :- editor@punjabstar.com, Vo. 20. Issue:1147


## ਇਜ਼ਰਾਈਲੀ ਹਮਲੇ 'ਚ 17 ਹਲਾਕ



ਯੇਰੂਸ਼ਲਮ (ਪੰਜਾਬ ਸਟਾਰ ਬਿਊਰੋ): ਇਜ਼ਰਾਈਲ ਵੱਲੋਂ ਗਾਜ਼ਾ ਪੱਟੀ 'ਤੇ ਕੀਤੇ ਗਏ ਹਮਲੇ 'ਚ 17 ਫਲਸਤੀਨੀ ਮਾਰੇ ਗਏ। ਇਨ੍ਹਾਂ 'ਚ ਪੰਜ ਬੱਚੇ ਅਤੇ ਉਨ੍ਹਾਂ ਦੇ ਮਾਪੇ ਵੀ ਸ਼ਾਮਲ ਹਨ। ਇਹ ਹਮਲੇ ਉਸ ਸਮੇਂ ਹੋਏ ਜਦੋਂ ਗੋਲੀਬੰਦੀ ਦੇ ਸਮਝੌਤੇ ਲਈ ਨਵੇਂ ਸਿਰੇ ਤੋਂ ਗੱਲਬਾਤ ਸ਼ੁਰੂ ਹੋਣ ਦੀ ਆਸ ਹੈ। ਅਲ-ਅਕਸਾ ਮਾਰਟੀਅਰਜ਼ ਹਸਪਤਾਲ ਮੁਤਾਬਕ ਗਾਜ਼ਾ ਦੇ ਨੁਸਰਤ ਸ਼ਰਨਾਰਥੀ ਕੈਂਪ 'ਚ ਰਹਿ ਰਹੇ ਇਕ ਪਰਿਵਾਰ ਦੇ ਟਿਕਾਣੇ 'ਤੇ ਹਮਲਾ ਹੋਇਆ ਜਿਸ 'ਚ ਪੰਜ ਬੱਚੇ (2 ਤੋਂ 11 ਸਾਲ) ਅਤੇ ਉਨ੍ਹਾਂ ਦੇ ਮਾਪੇ ਮਾਰੇ ਗਏ। ਬਾਕੀ ਸਫਾ 2 'ਤੇ

## ਟਰੰਪ ਸਰਕਾਰ 'ਚ ਮਸਕ ਨੂੰ ਮਿਲ ਸਕਦੀ ਹੈ ਅਹਿਮ ਜ਼ਿੰਮੇਵਾਰੀ !



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਡੋਨਾਲਡ ਟਰੰਪ ਦਾ ਮਸ਼ਹੂਰ ਉਦਯੋਗਪਤੀ ਐਲੋਨ ਮਸਕ ਨਾਲ ਇੰਟਰਵਿਊ ਪ੍ਰਸਾਰਿਤ ਕੀਤਾ ਗਿਆ। ਇਸ ਇੰਟਰਵਿਊ ਤੋਂ ਬਾਅਦ ਚਰਚਾ ਸ਼ੁਰੂ ਹੋ ਗਈ ਹੈ ਕਿ ਜੇਕਰ ਡੋਨਾਲਡ ਟਰੰਪ ਰਾਸ਼ਟਰਪਤੀ ਚੋਣ ਜਿੱਤ ਜਾਂਦੇ ਹਨ, ਤਾਂ ਐਲੋਨ ਮਸਕ ਨੂੰ ਕੋਈ ਅਹਿਮ ਜ਼ਿੰਮੇਵਾਰੀ ਮਿਲ ਸਕਦੀ ਹੈ। ਇਸ ਇੰਟਰਵਿਊ 'ਚ ਮਸਕ ਅਤੇ ਟਰੰਪ ਵਿਚਾਲੇ ਗੈਰ-ਕਾਨੂੰਨੀ ਪ੍ਰਵਾਸੀਆਂ, ਤੀਜਾ ਵਿਸ਼ਵ ਯੁੱਧ, ਟਰੰਪ 'ਤੇ ਹਮਲੇ ਆਦਿ ਮੁੱਦਿਆਂ 'ਤੇ ਚਰਚਾ ਹੋਈ।

ਦਰਅਸਲ ਇੰਟਰਵਿਊ ਦੌਰਾਨ ਐਲੋਨ ਮਸਕ ਨੇ ਕਿਹਾ ਕਿ 'ਮੈਂ ਚਾਹੁੰਦਾ ਹਾਂ ਕਿ ਸਰਕਾਰੀ ਖਰਚਿਆਂ ਦੇ ਪ੍ਰਬੰਧਨ ਵਿਚ ਸਰਕਾਰ ਦੀ ਮਦਦ ਕਰਾਂ। ਮੈਨੂੰ ਲੱਗਦਾ ਹੈ ਕਿ ਸਰਕਾਰ ਨੂੰ ਇੱਕ ਕਮਿਸ਼ਨ ਬਣਾਉਣਾ ਚਾਹੀਦਾ ਹੈ, ਜੋ ਟੈਕਸਦਾਤਾਵਾਂ ਦੇ ਪੈਸੇ ਦੇ ਸਹੀ ਖਰਚੇ ਦਾ ਧਿਆਨ ਰੱਖੇ। ਮੈਨੂੰ ਅਜਿਹੇ ਕਮਿਸ਼ਨ ਦੀ ਸਹਾਇਤਾ ਕਰਨ ਵਿਚ ਬਹੁਤ ਖੁਸ਼ੀ ਹੋਵੇਗੀ। ਮਸਕ ਦੇ ਬਿਆਨ 'ਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਬਾਕੀ ਸਫਾ 2 'ਤੇ

## ਸੈਂਕੜੇ ਪੰਜਾਬੀਆਂ ਨੂੰ ਗੁਲਾਮ ਬਣਾ ਰਿਹੈ ਕੈਨੇਡਾ...?



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਚ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਆਧੁਨਿਕ ਦੌਰ ਦਾ ਗੁਲਾਮ ਬਣਾਇਆ ਜਾ ਰਿਹਾ ਹੈ ਅਤੇ ਜ਼ਿਆਦਾਤਰ ਕਿਰਤੀਆਂ ਦੀ ਜ਼ਿੰਦਗੀ ਨਰਕ ਬਣ ਚੁੱਕੀ ਹੈ। ਇਹ ਹੈਰਾਨਕੁੰਨ ਟਿੱਪਣੀ ਸੰਯੁਕਤ ਰਾਸ਼ਟਰ ਵੱਲੋਂ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਬਾਰੇ ਕੀਤੀ ਹੈ ਜਿਨ੍ਹਾਂ ਨੂੰ ਨਾ ਸਿਰਫ ਸਰੀਰਕ ਅਤੇ ਮਾਨਸਿਕ ਤਸੀਹੇ ਬਰਦਾਸ਼ਤ ਕਰਨੇ ਪੈ ਰਹੇ ਹਨ ਸਗੋਂ ਇੰਪਲੌਇਰ ਤਨਖਾਹਾਂ ਦੇਣ ਤੋਂ ਵੀ ਸਾਫ ਮੁੱਕਰ ਜਾਂਦੇ ਹਨ। ਸੰਯੁਕਤ ਰਾਸ਼ਟਰ ਨੇ ਕਿਹਾ ਹੈ ਕਿ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਜਾਣੂ ਕਰਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਪਰ ਸੰਭਾਵਤ ਤੌਰ 'ਤੇ ਇਸ ਕੰਮ ਵਿਚ ਅਣਗਹਿਲੀ ਵਰਤੀ ਜਾ ਰਹੀ ਹੈ। ਰਿਪੋਰਟ ਕਹਿੰਦੀ ਹੈ ਕਿ ਵਿਦੇਸ਼ੀ ਕਾਮਿਆਂ ਨਾਲ ਬੇਹੱਦ ਮੰਦੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਸੈਕਸ਼ੁਅਲ ਹੈਰਾਸਮੈਂਟ ਦੀਆਂ ਸ਼ਿਕਾਇਤਾਂ ਵੀ ਸਾਹਮਣੇ ਆ ਰਹੀਆਂ ਹਨ।

### ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਬਾਰੇ ਸੰਯੁਕਤ ਰਾਸ਼ਟਰ ਦੀ ਹੈਰਾਨਕੁੰਨ ਟਿੱਪਣੀ

ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਦੂਤ ਟੌਮੋਯਾ ਓਬੋਕਾਤਾ ਨੇ ਰਿਪੋਰਟ ਵਿਚ ਲਿਖਿਆ ਕਿਹਾ ਕਿ ਕਿਰਤੀਆਂ ਨੂੰ ਸਿਹਤ ਸਹੂਲਤਾਂ ਵਾਸਤੇ ਵੀ ਸੰਘਰਸ਼ ਕਰਨਾ ਪੈ ਰਿਹਾ ਹੈ ਅਤੇ ਜਾਨ ਜੋਖਮ ਵਿਚ ਪੈਣਾ ਆਮ ਗੱਲ ਹੋ ਚੁੱਕੀ ਹੈ। ਸਿਰਫ ਇਥੇ ਬਾਕੀ ਸਫਾ 2 'ਤੇ

## PM ਟਰੂਡੋ ਅਤੇ ਓਨਟਾਰੀਓ ਦੇ ਪ੍ਰੀਮੀਅਰ ਫੋਰਡ ਨੇ ਨੈਪਿਨੀ 'ਚ ਗੁੱਡ ਈਅਰ ਦੇ ਵੱਡੇ ਪਲਾਂਟ 'ਚ ਸਾਂਝੇ ਤੌਰ 'ਤੇ ਵਿਸ਼ੇਸ਼ ਫੰਡਿੰਗ ਦਾ ਕੀਤਾ ਐਲਾਨ




(ਪੰਜਾਬ ਸਟਾਰ ਬਿਊਰੋ): ਬਰੈਂਪਟਨ : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਅੱਜ ਸੂਬੇ ਦੇ ਨੈਪਿਨੀ ਸ਼ਹਿਰ 'ਚ ਗੁੱਡ ਈਅਰ ਦੇ ਵੱਡੇ ਪਲਾਂਟ 'ਚ ਸਾਂਝੇ ਤੌਰ 'ਤੇ ਵਿਸ਼ੇਸ਼ ਫੰਡਿੰਗ ਦੇਣ ਦਾ ਐਲਾਨ ਕੀਤਾ ਜਿਸ ਤਹਿਤ ਗੁਡ ਈਅਰ ਟਾਇਰਸ ਐਂਡ ਰਬੜ ਵੱਲੋਂ ਇਥੇ ਕੁੱਲ 575 ਮਿਲੀਅਨ ਦੀ ਇਨਵੈਸਟਮੈਂਟ ਕੀਤੀ ਜਾਣੀ ਹੈ।

ਗੁਡਯੀਅਰ ਕੈਨੇਡਾ ਦੋ ਦਹਾਕਿਆਂ ਤੋਂ ਵੀ ਘੱਟ ਸਮੇਂ ਵਿੱਚ ਟਾਇਰ ਪਲਾਂਟ ਨੂੰ ਨੈੱਟ-ਜ਼ੀਰੋ ਬਣਾਉਣ ਦੇ ਟੀਚੇ ਨਾਲ, ਦੱਖਣ-ਪੂਰਬੀ ਓਨਟੇਰਿਓ ਦੇ ਆਪਣੇ ਪਲਾਂਟ ਦਾ ਵਿਸਤਾਰ ਕਰਨ ਲਈ ਅੱਧੇ ਬਿਲੀਅਨ ਡਾਲਰ ਤੋਂ ਵੱਧ ਦਾ ਨਿਵੇਸ਼ ਕਰ ਰਹੀ ਹੈ।

ਗੁਡਯੀਅਰ ਦੇ ਸੀਈਓ ਨੇ ਸੋਮਵਾਰ ਸਵੇਰੇ ਪ੍ਰਧਾਨ ਮੰਤਰੀ ਜਸਟਿਨ ਟ੍ਰੂਡੋ ਅਤੇ ਓਨਟੇਰਿਓ ਦੇ ਪ੍ਰੀਮੀਅਰ ਡੱਗ ਫੋਰਡ ਦੀ ਮੌਜੂਦਗੀ ਵਿਚ ਨੈਪੇਨੀ ਪਲਾਂਟ ਵਿੱਚ $575 ਮਿਲੀਅਨ ਦੇ ਨਿਵੇਸ਼ ਦਾ ਐਲਾਨ ਕੀਤਾ।

ਫੈਡਰਲ ਸਰਕਾਰ ਇਸ ਪ੍ਰੋਜੈਕਟ ਲਈ $44.3 ਮਿਲੀਅਨ ਤੱਕ ਦਾ ਯੋਗਦਾਨ ਪਾ ਰਹੀ ਹੈ, ਜਦ ਕਿ ਸੂਬਾਈ ਸਰਕਾਰ ਇਨਵੈਸਟ ਓਨਟੇਰੀਓ ਰਾਹੀਂ $20 ਮਿਲੀਅਨ ਯੋਗਦਾਨ ਪਾਏਗੀ। ਬਾਕੀ ਸਫਾ 2 'ਤੇ

## ਟੋਰਾਂਟੋ ਏਅਰਪੋਰਟ ਤੋਂ ਚੋਰੀ ਕੀਤੇ ਸੋਨੇ ਦੇ ਮਾਮਲੇ 'ਚ ਅਮਰੀਕਾ 'ਚ ਵੀ ਚੱਲੇਗਾ ਕੇਸ



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਟੋਰਾਂਟੋ ਏਅਰਪੋਰਟ ਤੋਂ 20 ਮਿਲੀਅਨ ਸੋਨਾ ਚੋਰੀ ਕਰਕੇ ਹਥਿਆਰਾਂ ਦੀ ਤਸਕਰੀ ਕਰਨ ਦੇ ਮਾਮਲੇ 'ਚ ਦੋ ਹੋਰ ਸ਼ੱਕੀਆਂ ਅਰਸ਼ਿਤ ਗਰੇਵਰ ਅਤੇ ਪਰਾਸ਼ਿਥ ਪਰਮਾਲਿੰਗਮ ਖਿਲਾਫ਼ ਸਤੰਬਰ 'ਚ ਅਮਰੀਕਾ 'ਚ ਚੱਲੇਗਾ ਕੇਸ। ਪਿਛਲੇ ਸਾਲ ਅਮਰੀਕਾ ਦੇ ਪੈਨਸਿਲਵੇਨਿਆ ਸੂਬੇ 'ਚ 65 ਸਾਲਾ ਦੁਰਾਂਤੀ ਕਿੰਗ ਮੈਕਲੀਨ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਸ਼ੱਕੀ ਦੋਸ਼ੀਆਂ ਖਿਲਾਫ ਦੋਸ਼ ਹੈ ਕਿ ਹਥਿਆਰਾਂ ਦੀ ਤਸਕਰੀ ਦੇ ਮਾਮਲੇ 'ਚ ਇਨ੍ਹਾਂ ਨੇ ਉਕਤ ਕਥਿੱਤ ਦੋਸ਼ੀ ਦੀ ਮਦਦ ਕੀਤੀ ਸੀ। ਦੱਸਣਯੋਗ ਹੈ ਕਿ ਇਸ ਮਾਮਲੇ 'ਚ ਪਹਿਲਾਂ ਵੀ ਕੁਝ ਭਾਰਤੀ ਮੂਲ ਦੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਸ ਵਿੱਚ ਏਅਰਪੋਰਟ ਵੇਅਰਹਾਊਸ ਦਾ ਇੱਕ ਭਾਰਤੀ ਮੂਲ ਮੈਨੇਜਰ ਪਨੇਸਰ ਪੁਲਿਸ ਦੀ ਗ੍ਰਿਫਤ 'ਚੋਂ ਬਾਹਰ ਹੈ। 20 ਮਿਲੀਅਨ ਦੇ ਇਸ ਸੋਨੇ ਨੂੰ ਸ਼ੱਕੀ ਦੋਸ਼ੀਆਂ ਟੋਰਾਂਟੋ ਸਥਿੱਤ ਇੱਕ ਸੁਨਿਆਰੇ ਡੀ ਮਦਦ ਨਾਲ ਢਾਲ ਕਿ ਇਸਦੀ ਤਸਕਰੀ ਡੁਬਈ ਅਤੇ ਭਾਰਤ 'ਚ ਕੀਤੀ ਗਈ ਦੱਸੀ ਜਾਂਦੀ ਹੈ।

## ਬਰੈਂਪਟਨ: ਐੱਮ.ਪੀ.ਪੀ ਅਮਰਜੋਤ ਸੰਧੂ ਦੀ ਬਾਰਬੀਕਿਊ 'ਚ ਪਹੁੰਚੇ ਪ੍ਰੀਮੀਅਰ ਡੱਗ ਫੋਰਡ



ਬਰੈਂਪਟਨ (ਪੰਜਾਬ ਸਟਾਰ ਬਿਊਰੋ): ਓਨਟਾਰੀਓ ਦੇ ਬਰੈਂਪਟਨ ਵੈਸਟ ਤੋਂ ਮੈਂਬਰ ਆਫ ਪ੍ਰੋਵਿੰਸ਼ੀਅਲ ਪਾਰਲੀਮੈਂਟ ਮਿਸਟਰ ਅਮਰਜੋਤ ਸੰਧੂ ਵੱਲੋਂ ਲੰਘੀ 11 ਅਗਸਤ ਨੂੰ ਬਰੈਂਪਟਨ 'ਚ ਸਲਾਨਾ ਕਮਿਊਨਿਟੀ ਬਾਰਬਿਕਯੂ ਦਾ ਆਯੋਜਨ ਕੀਤਾ ਗਿਆ, ਜਿਸ 'ਚ ਸਾਰਿਆਂ ਨੂੰ ਸ਼ਾਮਲ ਹੋਣ ਦਾ ਖੁੱਲਾ ਸੱਦਾ ਦਿੱਤਾ ਗਿਆ ਸੀ। ਲੋਕਾਂ ਨੂੰ ਆਪਣੇ ਪਰਿਵਾਰਾਂ ਸਮੇਤ ਸਮਾਗਮ 'ਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ ਅਤੇ ਇਸ ਮੌਕੇ ਵੱਡੀ ਗਿਣਤੀ 'ਚ ਲੋਕ ਪਹੁੰਚੇ। ਪ੍ਰੋਗਰਾਮ 'ਚ ਬੱਚਿਆਂ ਲਈ ਮਜ਼ੇਦਾਰ ਗਤੀਵਿਧੀਆਂ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਸਾਰਿਆਂ ਲਈ ਫ੍ਰੀ ਖਾਣਾ ਸੀ ਅਤੇ ਧੀਮੀ ਆਵਾਜ਼ 'ਚ ਮਿਊਜ਼ਿਕ ਚੱਲ ਰਿਹਾ ਸੀ। ਪ੍ਰੋਗਰਾਮ ਦੀ ਸ਼ੁਰੂਆਤ ਕੈਨੇਡਾ ਦੇ ਰਾਸ਼ਟਰਗਾਨ ਨਾਲ ਕੀਤੀ ਗਈ। ਲੋਕਾਂ ਵੱਲੋਂ ਇਸ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ ਗਿਆ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੀ ਐੱਮਪੀਪੀ ਅਮਰਜੋਤ ਸੰਧੂ ਦੀ ਕਮਿਊਨਿਟੀ ਬਾਰਬਿਕਯੂ 'ਚ ਸ਼ਾਮਲ ਹੋਏ, ਉਨ੍ਹਾਂ ਦੇ ਨਾਲ-ਨਾਲ ਟ੍ਰਾਂਸਪੋਰਟ ਮੰਤਰੀ ਪ੍ਰਭਮੀਤ ਸਰਕਾਰੀਆ, ਬਰੈਂਪਟਨ ਈਸਟ ਤੋਂ ਐੱਮਪੀਪੀ ਹਰਦੀਪ ਗਰੇਵਾਲ, ਸਿਟੀ ਕਾਊਂਸਲਰ ਵਾਡਰ 7-8 ਰੋਡ ਪਾਵਰ ਅਤੇ ਮੇਅਰ ਪੈਟਰਿਕ ਬਰਾਊਨ ਵੀ ਸ਼ਾਮਲ ਹੋਏ। ਇਸ ਮੌਕੇ ਐੱਮਪੀਪੀ ਅਮਰਜੋਤ ਸੰਧੂ ਨੇ ਕਿਹਾ ਕਿ ਉਨ੍ਹਾਂ ਨੂੰ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਬਾਕੀ ਸਫਾ 2 'ਤੇ

## ਕੈਨੇਡਾ ਦੇ ਰਸਤੇ ਅਮਰੀਕਾ ਦਾਖਲ ਹੋਏ 16 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀ



ਨਿਊਯਾਰਕ : ਕੈਨੇਡਾ ਦੇ ਰਸਤੇ ਅਮਰੀਕਾ ਦਾਖਲ ਹੋ ਰਹੇ 16 ਹਜ਼ਾਰ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਮੌਜੂਦਾ ਵਰ੍ਹੇ ਦੌਰਾਨ ਕਾਬੂ ਕੀਤਾ ਜਾ ਚੁੱਕਾ ਹੈ ਅਤੇ ਸਮੱਸਿਆ ਨਾਲ ਨਜਿੱਠਣ ਲਈ ਅਮਰੀਕਾ ਸਰਕਾਰ ਅਸਾਇਲਮ ਦੇ ਦਾਅਵਿਆਂ ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569, 416-388-1605
ਵਾਜ਼ਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2



Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605



Harjit Brar
Sales Representative
416-417-6010

FOR ALL YOUR REAL ESTATE NEEDS
ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

## ਅੱਜ ਦੇ ਅਖੌਤੀ ਬਾਬਿਆਂ ਦੇ ਕਾਰਨਾਮੇ...

# ਆਪਣੀ ਮਾਂ ਰੂਪੀ ਸੱਸ ਉੱਤੇ ਹੀ ਗੋਲੀਆਂ ਵਰ੍ਹਾ ਦਿੱਤੀਆਂ



ਬਲਬੀਰ ਸਿੰਘ ਬੱਬੀ

ਧਾਰਮਿਕ ਤੌਰ ਉੱਤੇ ਜਦੋਂ ਅਸੀਂ ਬਾਬਾ ਸ਼ਬਦ ਦਾ ਨਾਮ ਲੈਂਦੇ ਹਾਂ ਤਾਂ ਅੱਖਾਂ ਅੱਗੇ ਬਾਬੇ ਨਾਨਕ ਜਿਹੀ ਦਇਆ ਦ੍ਰਿਸ਼ਟੀ ਵਾਲਾ ਬਾਬਾ ਆਤਮਿਕ ਤੌਰ ਉਤੇ ਸਭ ਦੇ ਸਾਹਮਣੇ ਆ ਖੜਦਾ ਹੈ। ਇਤਿਹਾਸਕ ਪੱਖ ਤੋਂ ਨਜ਼ਰ ਮਾਰੀਏ ਤਾਂ ਹਰ ਧਰਮ ਦੇ ਨਾਲ ਉਸ ਧਰਮ ਦੀ ਮੱਤ ਅਨੁਸਾਰ ਪੁਜਾਰੀ ਪਰੋਹਤ ਬਾਬੇ ਗੁਰੂ ਆਦਿ ਪੈਦਾ ਹੋਏ ਹਨ ਪੁਰਾਤਨ ਸਮੇਂ ਤੋਂ ਅਜਿਹੀਆਂ ਰੂਹਾਂ ਪੈਦਾ ਹੋਈਆਂ ਜਿਨਾਂ ਨੇ ਮਨੁੱਖਤਾ ਦੀ ਲੁਕਾਈ ਵੱਲ ਪਹਿਰਾ ਦਿੰਦਿਆਂ ਹੋਇਆ ਬਾਬਾ ਸ਼ਬਦ ਦੀ ਮਹੱਤਤਾ ਨੂੰ ਸਮੁੱਚੀ ਦੁਨੀਆਂ ਵਿੱਚ ਹੀ ਪ੍ਰਗਟ ਕੀਤਾ। ਬਾਬਾ ਭਾਵ ਬੀਬਾ ਜੋ ਗੁਰੂ ਨੂੰ ਮੰਨਣ ਵਾਲਾ ਚੰਗੇ ਰਸਤੇ ਤੁਰਨ ਵਾਲਾ ਸਮਾਜਿਕ ਬੁਰਾਈਆਂ ਕੁਤਾਹੀਆਂ ਤੋਂ ਦੂਰ ਰਹਿਣ ਵਾਲਾ, ਅਸੀਂ ਆਪਣੇ ਆਲੇ ਦੁਆਲੇ ਅਜਿਹੇ ਬੱਚਿਆਂ ਨੂੰ ਅਸੀਂ ਅਕਸਰ ਹੀ ਬੀਬਾ ਬੱਚਾ ਆਖਦੇ ਹਾਂ। ਉਝ ਤਾਂ ਸਾਰੇ ਧਰਮਾਂ ਵਿੱਚ ਹੀ ਅਜਿਹੇ ਪਾਖੰਡ ਸ਼ੁਰੂ ਹੋ ਚੁੱਕੇ ਹਨ ਜਿਸ ਰਾਹੀਂ ਧਾਰਮਿਕ ਤੌਰ ਉੱਤੇ ਲੋਕਾਂ ਦੀ ਸ਼ਰਧਾ ਦਾ ਨਜਾਇਜ਼ ਲਾਹਾ ਲੈਂਦੇ ਹੋਏ ਲੋਕਾਂ ਨੂੰ ਮੂਰਖ ਬਣਾ ਕੇ ਆਪਣੇ ਮਗਰ ਲਾਇਆ ਜਾਂਦਾ ਹੈ ਇਸੇ ਤਰ੍ਹਾਂ ਹੀ ਸਿੱਖ ਧਰਮ ਵਿੱਚ ਬਾਬਾ ਵਾਦ ਦੇ ਚੰਗੇ ਸੰਕਲਪ ਨੂੰ ਦੇਖਦਿਆਂ ਹੋਇਆਂ ਧਾਰਮਿਕ ਰਾਜਨੀਤਿਕ ਤੌਰ ਉੱਤੇ ਅਨੇਕਾਂ ਬਾਬੇ ਪੈਦਾ ਓਏ ਸਨ ਜੋ ਬਾਬਾ ਵਾਦ ਦੇ ਧਾਰਮਿਕ ਪੱਖ ਨੂੰ ਧਾਰਮਿਕ ਰੂਪ ਵਿੱਚ ਸਾਹਮਣੇ ਲੈ ਕੇ ਆਉਂਦੇ ਸਨ ਤੇ ਦੇਖਣ ਪਾਖਣ ਤੋਂ ਵੀ ਬਾਬੇ ਲੱਗਦੇ ਸਨ ਪਰ ਹੌਲੀ ਹੌਲੀ ਸਿੱਖ ਧਰਮ ਦੇ ਵਿੱਚ ਨਵੀਂ ਉਮਰ ਦੇ ਪ੍ਰਚਾਰਕ ਬਾਬੇ ਬਣ ਕੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਛੋਟੀ ਉਮਰ 20 25 ਸਾਲ ਤੱਕ ਦੇ ਇਹਨਾਂ ਪ੍ਰਚਾਰਕ ਨੌਜਵਾਨਾਂ ਨੂੰ ਅਸੀਂ ਪਤਾ ਨਹੀਂ ਕਦੋਂ ਬਾਬੇ ਬਣਾ ਦਿੱਤਾ ਤੇ ਹੁਣ ਨਵੇਂ ਤੋਂ ਨਵੇਂ ਬਾਬੇ ਪ੍ਰਗਟ ਹੁੰਦੇ ਹਨ। ਅਜਿਹੇ ਹੀ ਇੱਕ ਬਾਬੇ ਦੀ ਚਰਚਾ ਇਸ ਵੇਲੇ ਚੱਲ ਰਹੀ ਹੈ ਜੋ ਕਿ ਬਾਬਾ ਗੁਰਵਿੰਦਰ ਸਿੰਘ ਖੇੜੀ ਵਾਲੇ ਦੇ ਨਾਮ ਨਾਲ ਮਸ਼ਹੂਰ ਹੈ ਇਸ ਨੌਜਵਾਨ ਬਾਬੇ ਨੇ ਇੱਕ ਆਸ਼ਰਮ ਬਣਾਈ ਸੀ ਜਿਸ ਵਿੱਚ ਬਿਮਾਰ ਤੇ ਹੋਰ ਮਨੁੱਖ ਜੋ ਜਿੰਦਗੀ ਤੋਂ ਹਾਰ ਕੇ ਬਿਮਾਰੀਆਂ ਵਿੱਚ ਪੀੜਤ ਹੋ ਚੁੱਕੇ ਸਨ ਉਹਨਾਂ ਦੀ ਸਾਭ ਸੰਭਾਲ ਲਈ ਇਸ ਨੇ ਆਸ਼ਰਮ ਬਣਾਇਆ ਸੋਸ਼ਲ ਮੀਡੀਆ ਦੇ ਰਾਹੀਂ ਆਸ਼ਰਮ ਦਾ ਪ੍ਰਚਾਰ ਹੋਇਆ ਤੇ ਉਸ ਆਸ਼ਰਮ ਦੇ ਵਿੱਚ ਵੀ ਨਾਲ ਵੀ ਕਈ ਤਰ੍ਹਾਂ ਦੇ ਵਿਵਾਦ ਜੁੜੇ ਉਸ ਤੋਂ ਬਾਅਦ ਇਹ ਗੁਰਵਿੰਦਰ ਬਾਬਾ ਉਸ ਵੇਲੇ ਵੀ ਕਾਫੀ ਮਸ਼ਹੂਰ ਹੋਇਆ ਜਦੋਂ ਇਸ ਨੇ ਸੁਖਬੀਰ ਬਾਦਲ ਨੂੰ ਜਿੱਤ ਜਾਣ ਦੀ ਭਵਿੱਖਬਾਣੀ ਕੀਤੀ ਸੀ ਪਰ ਸੁਖਬੀਰ ਬਾਦਲ ਬੁਰੀ ਤਰ੍ਹਾਂ ਹਾਰ ਗਿਆ ਤੇ ਤੇ ਇਸ ਬਾਬੇ ਦੀ ਬਹੁਤ ਕਿਰਕਰੀ ਹੋਈ ਇਸ ਬਾਬੇ ਦੀ ਅਫੀਮ ਖਾਣ ਦੀ ਆਦਤ ਦਾ ਵੀ ਸਭ ਨੂੰ ਪਤਾ ਹੈ ਜੋ ਕਿ ਇਹ ਸੋਸ਼ਲ ਮੀਡੀਆ ਉੱਤੇ ਆਪਣੇ ਮੂੰਹੋਂ ਹੀ ਕਹਿੰਦਾ ਰਿਹਾ ਹੈ ਇਸ ਬਾਬੇ ਦਾ ਵਿਆਹ ਹੋਇਆ ਤੇ ਉਸ ਵੇਲੇ ਵੀ ਸੋਸ਼ਲ ਮੀਡੀਆ ਉੱਤੇ ਇਸ ਦੀਆਂ ਤਸਵੀਰਾਂ ਸਿੰਘਣੀ ਦੇ ਨਾਲ ਦੇਖਦੇ ਰਹੇ ਪਰ ਹੁਣ ਤਾਂ ਇਸ ਵਿਵਾਦਤ ਗੁਰਵਿੰਦਰ ਨੇ ਹੱਦ ਹੀ ਪਾਰ ਕਰ ਦਿੱਤੀਆਂ ਜਦੋਂ ਆਪਣੀ ਪਤਨੀ ਦੀ ਮਾਂ ਜੋ ਕਿ ਸੱਸ ਰੂਪੀ ਮਾਂ ਕਹੀ ਜਾਂਦੀ ਹੈ ਉਸ ਉਪਰ ਹੀ ਗੁਰਵਿੰਦਰ ਬਾਬੇ ਨੇ ਗੋਲੀਆਂ ਵਰ੍ਹਾ ਦਿੱਤੀਆਂ ਤੇ ਉਸਨੂੰ ਜਖਮੀ ਕਰ ਦਿੱਤਾ ਜੋ ਇਸ ਵੇਲੇ ਇਲਾਜ਼ ਅਧੀਨ ਹੈ ਇਹਨਾਂ ਦੀ ਲੜਾਈ ਮਾਰ ਕੁਟਾਈ ਦੀਆਂ ਵੀਡੀਓ ਵੀ ਸਾਹਮਣੇ ਆਈਆਂ। ਹਸਪਤਾਲ ਵਿੱਚੋਂ ਗੁਰਵਿੰਦਰ ਦਾ ਬਿਆਨ ਵੀ ਸਾਹਮਣੇ ਆਇਆ ਪਰ ਇੱਕ ਵੀਡੀਓ ਜਿਸ ਵਿੱਚ ਇਸ ਦੀ ਸੱਸ ਦੇ ਜਦੋਂ ਗੋਲੀ ਲੱਗੀ ਹੈ ਤਾਂ ਉਹ ਜ਼ਖ਼ਮੀ ਹਾਲਤ ਵਿੱਚ ਕਹਿ ਰਹੀ ਹੈ ਕਿ ਮੈਂ ਤਾਂ ਖੇੜੀ ਵਾਲੇ ਨੂੰ ਕੁੜੀ ਦੇ ਕੇ ਫਸ ਗਈ ਪਛਤਾ ਰਹੀ ਹਾਂ ਮੈਨੂੰ ਮਾਰਨ ਲੱਗਾ ਸੀ ਮੇਰੀ ਕੁੜੀ ਨੂੰ ਮਾਰੇਗਾ ਬਚਾਓ ਲੋਕੋ ਬਚਾਓ ਇਹ ਵੀਡੀਓ ਸੋਸ਼ਲ ਮੀਡੀਆ ਉਪਰ ਚੱਲ ਰਹੀ ਹੈ ਤੇ ਸਾਰੇ ਲੋਕ ਦੇਖ ਰਹੇ ਹਨ ਹੁਣ ਇਥੇ ਉਹੀ ਗੱਲ ਫਿਰ ਪ੍ਰਗਟ ਹੁੰਦੀ ਹੈ ਕਿ ਅਸੀਂ ਜਣੇ ਖਣੇ ਨੂੰ ਬਾਬੇ ਦਾ ਨਾਮ ਦੇ ਕੇ ਬਾਬਾ ਰੂਪ ਦੇ ਕੇ ਬਾਬਾ ਬਾਬਾ ਕਰ ਲੱਗ ਜਾਂਦੇ ਹਾਂ ਆ ਦੇਖ ਲਓ ਅਖੌਤੀ ਬਾਬਿਆਂ ਦੇ ਕਾਰਨਾਮੇ ਇਹਨਾਂ ਨੇ ਆਪਣੇ ਪਰਿਵਾਰਕ ਰਿਸ਼ਤੇ ਦੀ ਪਰਵਾਹ ਨਾ ਕਰਦਿਆਂ ਹੋਇਆਂ ਵੀ ਆਪਣੀ ਸੱਸ ਉੱਤੇ ਗੋਲੀਆਂ ਵਰ੍ਹਾ ਦਿੱਤੀਆਂ ਹੁਣ ਇਹਨਾਂ ਨੂੰ ਕੌਣ ਹੈ ਜੋ ਬਾਬਾ ਆਖੇਗਾ ਇਹ ਬਾਬਾ ਅਖਵਾਉਣ ਦੇ ਹੱਕਦਾਰ ਹਨ ਜਿਨਾਂ ਨੇ ਬਾਬਾ ਸ਼ਬਦ ਨਾਮ ਬਦਨਾਮ ਕਰ ਦਿੱਤਾ। ਆਓ ਅਜਿਹੇ ਪਖੰਡੀ ਬਾਬਿਆਂ ਤੋਂ ਦੂਰੀ ਬਣਾ ਕੇ ਰੱਖੀ ਤੇ ਬਦਨਾਮੀ ਤੋਂ ਬਚੀਏ।

# ਫਤਿਹਗੜ੍ਹ ਸਾਹਿਬ 'ਚ ਬਾਬਾ ਗੁਰਵਿੰਦਰ ਸਿੰਘ ਖੇੜੀ ਖਿਲਾਫ਼ ਮਾਮਲਾ ਦਰਜ



ਫਤਿਹਗੜ੍ਹ ਸਾਹਿਬ 'ਚ ਬਾਬਾ ਗੁਰਵਿੰਦਰ ਸਿੰਘ ਖੇੜੀ ਜੱਟਾਂ ਖਿਲਾਫ਼ ਐੱਫ.ਆਈ.ਆਰ. ਉਸ 'ਤੇ ਆਪਣੀ ਸੱਸ 'ਤੇ ਗੋਲੀ ਚਲਾਉਣ ਦਾ ਦੋਸ਼ ਹੈ। ਇਸ ਘਟਨਾ ਦੌਰਾਨ ਗੁਰਵਿੰਦਰ ਸਿੰਘ ਦੀ ਸੱਸ ਅਤੇ ਮਹਿਲਾ ਕਿਸਾਨ ਆਗੂ ਗੁਰਜੀਤ ਕੌਰ ਦੇ ਪੱਟ 'ਚ ਗੋਲੀ ਲੱਗੀ ਹੈ। ਮਾਮਲੇ ਦੀ ਮੁੱਢਲੀ ਜਾਂਚ ਤੋਂ ਬਾਅਦ ਥਾਣਾ ਫਤਿਹਗੜ੍ਹ ਸਾਹਿਬ ਵਿਖੇ ਗੁਰਵਿੰਦਰ ਸਿੰਘ ਅਤੇ ਉਸ ਦੇ ਰਿਸ਼ਤੇਦਾਰ ਪ੍ਰਭਦੀਪ ਸਿੰਘ ਸਮੇਤ ਕਈਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਡੀਐਸਪੀ ਸੁਖਨਾਜ਼ ਸਿੰਘ ਨੇ ਦੱਸਿਆ ਕਿ ਗੁਰਵਿੰਦਰ ਸਿੰਘ ਵਾਸੀ ਖੇੜੀ ਜੱਟਾਂ ਦਾ ਵਿਆਹ ਸਾਹਿਬਜੀਤ ਕੌਰ ਪੁੱਤਰੀ ਗੁਰਜੀਤ ਕੌਰ ਵਾਸੀ ਮਾਤਾ ਗੁਜਰੀ ਕਲੋਨੀ ਫਤਿਹਗੜ੍ਹ ਸਾਹਿਬ ਨਾਲ ਹੋਇਆ ਸੀ। ਦੋਵਾਂ ਧਿਰਾਂ ਵਿੱਚ ਘਰੇਲੂ ਝਗੜਾ ਚੱਲ ਰਿਹਾ ਹੈ। ਇਸ ਕਾਰਨ ਸੋਮਵਾਰ ਸ਼ਾਮ 5 ਵਜੇ ਜਦੋਂ ਗੁਰਵਿੰਦਰ ਸਿੰਘ ਆਪਣੇ ਸਹੁਰੇ ਘਰ ਆਇਆ ਤਾਂ ਦੋਵਾਂ ਧਿਰਾਂ ਵਿਚ ਲੜਾਈ ਹੋ ਗਈ। ਸਿਵਲ ਹਸਪਤਾਲ ਦੇ ਬਾਹਰ ਵੀ ਦੋਵੇਂ ਧਿਰਾਂ ਆਪਸ 'ਚ ਭਿੜ ਗਈਆਂ। ਗੁਰਵਿੰਦਰ ਸਿੰਘ ਦੀ ਸੱਸ ਗੁਰਜੀਤ ਕੌਰ ਦੇ ਪੱਟ 'ਚ ਗੋਲੀ ਲੱਗੀ ਹੈ। ਉਸ ਨੂੰ ਚੰਡੀਗੜ੍ਹ ਦੇ ਸੈਕਟਰ-32 ਸਥਿਤ ਹਸਪਤਾਲ ਰੈਫਰ ਕਰ ਦਿੱਤਾ ਗਿਆ। ਇਸ ਦੌਰਾਨ ਜ਼ਖਮੀ ਗੁਰਵਿੰਦਰ ਸਿੰਘ ਨੂੰ ਵੀ ਇਸੇ ਹਸਪਤਾਲ ਰੈਫਰ ਕਰ ਦਿੱਤਾ ਗਿਆ। ਬੀਤੀ ਰਾਤ ਗੁਰਜੀਤ ਕੌਰ ਦੇ ਬਿਆਨ ਦਰਜ ਕਰਕੇ ਐਫ.ਆਈ.ਆਰ. ਗੁਰਵਿੰਦਰ ਸਿੰਘ ਖੇੜੀ ਜੱਟਾਂ ਵਾਲੇ ਅਤੇ ਪ੍ਰਭਦੀਪ ਸਿੰਘ ਨੂੰ ਭਾਰਤੀ ਨਿਆਂਇਕ ਸੰਹਿਤਾ ਅਤੇ ਅਸਲਾ ਐਕਟ ਦੀਆਂ ਧਾਰਾਵਾਂ 109, 333, 191, 190 ਤਹਿਤ ਨਾਮਜ਼ਦ ਕੀਤਾ ਗਿਆ ਹੈ। ਡਾਕਟਰਾਂ ਅਨੁਸਾਰ ਗੁਰਵਿੰਦਰ ਸਿੰਘ ਗਵਾਹੀ ਦੇਣ ਦੇ ਯੋਗ ਨਹੀਂ ਸੀ। ਉਸ ਦਾ ਬਿਆਨ ਦਰਜ ਨਹੀਂ ਹੋ ਸਕਿਆ। ਡੀਐਸਪੀ ਨੇ ਅੱਗੇ ਦੱਸਿਆ ਕਿ ਘਟਨਾ ਦੌਰਾਨ ਇੱਕ ਗੋਲੀ ਚੱਲਣ ਦੀ ਪੁਸ਼ਟੀ ਹੋਈ ਹੈ। ਇਹ ਗੋਲੀ ਗੁਰਜੀਤ ਕੌਰ ਨੂੰ ਲੱਗੀ ਹੈ। ਗੋਲੀ ਕਿਸ ਨੇ ਚਲਾਈ ਅਤੇ ਕਿਸ ਹਥਿਆਰ ਨਾਲ ਚਲਾਈ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਫਤਹਿਗੜ੍ਹ ਸਾਹਿਬ ਦੀ ਕਿਸਾਨ ਆਗੂ ਅਤੇ ਗੁਰਵਿੰਦਰ ਸਿੰਘ ਦੀ ਸੱਸ ਗੁਰਜੀਤ ਕੌਰ ਅਨੁਸਾਰ ਉਸ ਦੀ ਲੜਕੀ ਸਾਹਿਬਜੀਤ ਕੌਰ ਦਾ ਵਿਆਹ ਇਕ ਸਾਲ ਪਹਿਲਾਂ ਖੇੜੀ ਵਾਲੇ ਬਾਬਾ ਗੁਰਵਿੰਦਰ ਨਾਲ ਹੋਇਆ ਸੀ ਪਰ ਉਦੋਂ ਤੋਂ ਹੀ ਉਹ ਉਸ ਤੋਂ ਦਾਜ ਦੀ ਮੰਗ ਕਰ ਰਿਹਾ ਸੀ। ਉਸ ਦੀ ਧੀ ਨੂੰ ਬਹੁਤ ਤੰਗ ਕੀਤਾ ਜਾਂਦਾ ਸੀ। ਜੇਕਰ ਉਸ ਦੀ ਲੜਕੀ ਪੜ੍ਹਾਈ ਕਰਨੀ ਚਾਹੁੰਦੀ ਸੀ ਤਾਂ ਗੁਰਵਿੰਦਰ ਸਿੰਘ ਉਸ ਨੂੰ ਰੋਕਦਾ ਸੀ। ਉਸ ਦੀ ਲੜਕੀ ਆਪਣੇ ਪੇਕੇ ਘਰ ਆਈ ਹੋਈ ਸੀ। ਗੁਰਵਿੰਦਰ ਸਿੰਘ ਕੁਝ ਵਿਅਕਤੀਆਂ ਨਾਲ ਫਤਿਹਗੜ੍ਹ ਸਾਹਿਬ ਸਥਿਤ ਆਪਣੇ ਘਰ ਆਇਆ ਸੀ। ਗੁਰਜੀਤ ਕੌਰ ਦੀ ਮਾਤਾ ਵੀ ਉਨ੍ਹਾਂ ਦੇ ਨਾਲ ਸੀ। ਗੁਰਜੀਤ ਦਾ ਦੋਸ਼ ਹੈ ਕਿ ਜਵਾਈ ਨੇ ਉਸ 'ਤੇ ਹਮਲਾ ਕੀਤਾ ਅਤੇ ਗੋਲੀਆਂ ਚਲਾਈਆਂ। ਇੱਕ ਗੋਲੀ ਉਸ ਦੇ ਪੱਟ ਵਿੱਚ ਲੱਗੀ। ਗੁਰਵਿੰਦਰ ਸਿੰਘ ਨੇ ਦੱਸਿਆ ਕਿ ਉਹ ਖੁਦ ਬਿਮਾਰ ਹੈ। ਉਹ ਆਪਣੀ ਪਤਨੀ ਨੂੰ ਲੈਣ ਆਪਣੇ ਸਹੁਰੇ ਘਰ ਆਇਆ ਹੋਇਆ ਸੀ। ਉਨ੍ਹਾਂ 'ਤੇ ਲੋਹੇ ਦੀਆਂ ਰਾਡਾਂ ਨਾਲ ਹਮਲਾ ਕੀਤਾ ਗਿਆ। ਇਸ ਤੋਂ ਬਾਅਦ ਸਿਵਲ ਹਸਪਤਾਲ ਦੇ ਬਾਹਰ ਹਮਲਾ ਹੋਇਆ। ਉਸ ਦੀ ਬਾਂਹ ਅਤੇ ਲੱਤ 'ਤੇ ਫਰੈਕਚਰ ਹੋ ਗਿਆ ਹੈ। ਉਸ ਦੇ ਚਾਰ ਦੰਦ ਤੋੜ ਦਿੱਤੇ ਗਏ। ਗੁਰਵਿੰਦਰ ਨੇ ਦੋਸ਼ ਲਾਇਆ ਕਿ ਉਸ ਦੀ ਪਤਨੀ ਨੂੰ ਅਗਵਾ ਕਰ ਲਿਆ ਗਿਆ ਹੈ। ਪਤਨੀ ਨੂੰ ਸਾਹਮਣੇ ਲਿਆਂਦਾ ਜਾਵੇ ਤਾਂ ਸਾਰੀ ਸੱਚਾਈ ਸਾਹਮਣੇ ਆ ਜਾਵੇਗੀ। ਗੋਲੀਬਾਰੀ ਦੀ ਘਟਨਾ ਬਾਰੇ ਗੁਰਵਿੰਦਰ ਸਿੰਘ ਨੇ ਕਿਹਾ ਕਿ ਉਸ ਨੇ ਕੋਈ ਗੋਲੀ ਨਹੀਂ ਚਲਾਈ।

# ਜੇ ਮੈਂ ਚੁਣਿਆ ਗਿਆ ਤਾਂ 6 ਕਰੋੜ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ 'ਚੋਂ ਕੱਢਾਂਗਾ: ਟਰੰਪ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲਿਕਨ ਉਮੀਦਵਾਰ ਡੋਨਾਲਡ ਟਰੰਪ ਨੇ ਵਿਸਫੋਟਕ ਦਾਅਵਾ ਕਰਦੇ ਹੋਏ ਕਿਹਾ ਕਿ ਜੇਕਰ ਉਹ ਚੁਣੇ ਗਏ ਤਾਂ ਉਹ ਛੇ ਕਰੋੜ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢ ਦੇਣਗੇ। ਅਤੇ ਲੋਕ ਮਨੁੱਖੀ ਇਤਿਹਾਸ ਵਿੱਚ ਇਹ ਸਭ ਤੋਂ ਵੱਡੇ ਦੇਸ਼ ਨਿਕਾਲੇ ਦੇ ਵਿੰਚ ਗਿਣਿਆ ਜਾਵੇਗਾ। ਟਰੰਪ ਨੇ ਅਫਰੀਕਾ, ਏਸ਼ੀਆ ਅਤੇ ਮੱਧ ਪੂਰਬ ਤੋਂ ਅਮਰੀਕਾ ਆਉਣ ਵਾਲੇ ਲੋਕਾਂ 'ਤੇ ਵੀ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਇਹ ਗੱਲ ਅਰਬਪਤੀ ਐਲੋਨ ਮਸਕ ਦੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਦਿੱਤੇ ਇੰਟਰਵਿਊ 'ਚ ਕਹੀ। ਹਾਲਾਂਕਿ ਇਸ ਮੁੱਦੇ 'ਤੇ ਟਰੰਪ ਨੂੰ ਵੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ ਟਰੰਪ ਨੇ ਕਿਹਾ ਕਿ ਮੈਂ ਕਾਨੂੰਨੀ ਪ੍ਰਵਾਸੀਆਂ ਦੇ ਹੱਕ ਵਿੱਚ ਹਾਂ। ਇਸ ਦੌਰਾਨ ਉਨ੍ਹਾਂ ਨੇ ਡੈਮੋਕਰੇਟਸ ਦੀ ਵਿਰੋਧੀ ਕਮਲਾ ਹੈਰਿਸ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਹ ਤੀਜੇ ਦਰਜੇ ਦੀ ਸਿਆਸਤਦਾਨ ਹੈ। ਉਹ ਜੋ ਬਿਡੇਨ ਨਾਲੋਂ ਵੀ ਜ਼ਿਆਦਾ ਬੇਕਾਰ ਹੈ। ਟਰੰਪ ਨੇ ਇਕ ਹੋਰ ਵਿਸਫੋਟਕ ਦਾਅਵਾ ਕਰਦੇ ਹੋਏ ਕਿਹਾ ਕਿ ਡੈਮੋਕ੍ਰੇਟਿਕ ਪਾਰਟੀ ਦੇ ਅੰਦਰ ਬਗਾਵਤ ਕਰਕੇ ਬਿਡੇਨ ਨੂੰ ਰਾਸ਼ਟਰਪਤੀ ਦੇ ਅਹੁਦੇ ਦੀ ਨਾਮਜ਼ਦਗੀ ਤੋਂ ਹਟਾ ਦਿੱਤਾ ਗਿਆ ਹੈ। ਜੇਕਰ ਮੈਂ ਚੁਣਿਆ ਗਿਆ ਤਾਂ 6 ਕਰੋੜ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢਾਗਾ। ਕਮਲਾ ਹੈਰਿਸ ਦੀ ਉਮੀਦਵਾਰੀ ਬਿਡੇਨ ਵਿਰੁੱਧ ਅੰਦਰੂਨੀ ਬਗਾਵਤ ਹੈ। ਕਮਲਾ ਹੈਰਿਸ ਨੇ ਉਸਨੂੰ ਇੱਕ ਪਾਗਲ ਖੱਬੇ ਯਾਨਿ ਡੋਬੇਰੀ ਪ੍ਰਵਿਰਤੀ ਵਾਲਾ ਦੱਸਿਆ। ਜੇਕਰ ਉਹ ਚੁਣਿਆ ਜਾਂਦਾ ਹੈ, ਤਾਂ ਉਹ ਅਮਰੀਕੀ ਆਰਥਿਕਤਾ ਨੂੰ ਤਬਾਹ ਕਰ ਦੇਵੇਗਾ। ਉਹਨਾਂ ਕਿਹਾ ਕਿ ਕਮਲਾ ਹੈਰਿਸ ਸਰਹੱਦੀ ਸੁਰੱਖਿਆ ਦੇ ਮੋਰਚੇ 'ਤੇ ਪੂਰੀ ਤਰ੍ਹਾਂ ਫੇਲ ਹੋ ਚੁੱਕੀ ਹੈ। ਹਰ ਰੋਜ਼ ਹਜ਼ਾਰਾਂ ਲੋਕ ਸਰਹੱਦ ਪਾਰ ਕਰ ਕੇ ਅਮਰੀਕਾ ਆ ਰਹੇ ਹਨ। ਹੈਰਿਸ ਅਤੇ ਬਿਡੇਨ ਕੁਝ ਨਹੀਂ ਕਰ ਰਹੇ ਹਨ। ਮਹਿੰਗਾਈ ਦੇ ਮੋਰਚੇ 'ਤੇ ਅਮਰੀਕਾ 40 ਸਾਲਾਂ ਵਿਚ ਸਭ ਤੋਂ ਬੁਰੀ ਸਥਿਤੀ 'ਤੇ ਹੈ। ਲੋਕ ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਜੇਕਰ ਮੈਂ ਰਾਸ਼ਟਰਪਤੀ ਦੇ ਅਹੁਦੇ 'ਚ ਆ ਗਿਆ ਤਾਂ ਜੰਗ ਵੀ ਸ਼ਾਂਤ ਹੋ ਜਾਵੇਗੀ। ਟਰੰਪ ਨੇ ਬਿਡੇਨ ਦੀਆਂ ਨੀਤੀਆਂ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਪੁਤਿਨ, ਜਿਨਪਿੰਗ ਅਤੇ ਕਿਮ ਜੋਂਗ ਉਨ ਦੀ ਤਾਰੀਫ ਕੀਤੀ। ਉਨ੍ਹਾਂ ਕਿਹਾ ਕਿ ਬਿਡੇਨ ਨੇ ਰੂਸ ਨੂੰ ਜੰਗ ਲਈ ਉਕਸਾਇਆ ਹੈ। ਜੇਕਰ ਉਸਨੇ ਇਹ ਨਾ ਕਿਹਾ ਹੁੰਦਾ ਕਿ ਯੂਕਰੇਨ ਨਾਟੋ ਵਿੱਚ ਸ਼ਾਮਲ ਹੋ ਜਾਵੇਗਾ, ਤਾਂ ਇਹ ਜੰਗ ਨਹੀਂ ਹੋਣੀ ਸੀ। ਜੇਕਰ ਮੈਂ ਪ੍ਰਧਾਨਗੀ 'ਚ ਆ ਗਿਆ ਤਾਂ ਜੰਗ ਵੀ ਸ਼ਾਂਤ ਹੋ ਜਾਵੇਗੀ।

## ਉਨਟਾਰੀਓ 'ਚ ਸ਼ਰਾਬੀ ਡਰਾਈਵਰਾਂ ਦੀ ਗਿਣਤੀ ਬੇਤਹਾਸ਼ਾ ਵੱਧਣ ਦਾ ਖਦਸ਼ਾ

ਟੋਰਾਂਟੋ : ਉਨਟਾਰੀਓ ਦੇ ਕਨਵੀਨੀਐਂਸ ਸਟੋਰਾਂ 'ਤੇ ਬੀਅਰ ਦੀ ਵਿਕਰੀ ਤੋਂ ਚਿੰਤਤ ਜਥੇਬੰਦੀਆਂ ਨੇ ਖਦਸ਼ਾ ਜ਼ਾਹਰ ਕੀਤਾ ਕਿ ਨਸ਼ੇ ਦੀ ਹਾਲਤ ਵਿਚ ਗੱਡੀ ਚਲਾਉਣ ਵਾਲਿਆਂ ਦੀ ਗਿਣਤੀ ਬੇਤਹਾਸ਼ਾ ਵਧ ਸਕਦੀ ਹੈ। ਦੂਜੇ ਪਾਸੇ ਉਨਟਾਰੀਓ ਸਰਕਾਰ ਵੱਲੋਂ ਨਿਯਮ ਕਾਨੂੰਨ ਸਖਤੀ ਨਾਲ ਲਾਗੂ ਕਰਨ ਦੀ ਤਿਆਰੀ ਆਰੰਭ ਦਿਤੀ ਗਈ ਹੈ ਅਤੇ ਤਾਜ਼ਾ ਅੰਕੜਿਆਂ ਮੁਤਾਬਕ 11 ਅਗਸਤ ਤੱਕ 3,830 ਲਾਇਸੰਸ ਜਾਰੀ ਕਰ ਦਿਤੇ ਗਏ। ਸਰਕਾਰੀ ਨੁਮਾਇੰਦਿਆਂ ਵੱਲੋਂ ਵੱਖ ਵੱਖ ਜਥੇਬੰਦੀਆਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਜਾਰੀ ਹੈ ਜਿਨ੍ਹਾਂ ਵਿਚ ਮਦਰਜ਼ ਅਗੇਂਸਟ ਡਰੰਕ ਡਰਾਈਵਿੰਗ ਅਤੇ ਅਰਾਈਵ ਲਾਈਵ ਸ਼ਾਮਲ ਹਨ। 5 ਸਤੰਬਰ ਤੋਂ ਸਟੋਰਾਂ 'ਤੇ ਬੀਅਰ ਦੀ ਵਿਕਰੀ ਸ਼ੁਰੂ ਹੋ ਰਹੀ ਹੈ ਅਤੇ ਸਵੇਰੇ 7 ਵਜੇ ਤੋਂ ਰਾਤ 11 ਵਜੇ ਤੱਕ ਐਲਕੋਹਲ ਦੀ ਵਿਕਰੀ ਕੀਤੀ ਜਾ ਸਕੇਗੀ।

### ਸੂਬਾ ਸਰਕਾਰ ਨਿਯਮ-ਕਾਨੂੰਨ ਸਖਤੀ ਨਾਲ ਲਾਗੂ ਕਰਨ ਦੇ ਰੌਂਅ ਵਿਚ

ਅਜਿਹੇ ਵਿਚ ਔਲਕੋਹਲ ਦੇ ਸਰੀਰ 'ਤੇ ਪੈਣ ਵਾਲੇ ਮਾੜੇ ਅਸਰਾਂ ਦੀ ਬਾਰੇ ਚਿਤਾਵਨੀਆਂ ਵੀ ਦਰਸਾਉਣੀਆਂ ਹੋਣਗੀਆਂ। ਸਟੋਰ ਕਲਰਕਾਂ ਨੂੰ ਸਮਾਰਟ ਸਰਵ ਟ੍ਰੇਨਿੰਗ ਮੁਕੰਮਲ ਕਰਨੀ ਹੋਵੇਗੀ ਅਤੇ ਇਸ ਤੋਂ ਬਾਅਦ ਹੀ ਉਹ ਬੀਅਰ ਤੇ ਵਾਈਨ ਦੀ ਵਿਕਰੀ ਕਰ ਸਕਣਗੇ। ਉਨਟਾਰੀਓ ਵਿਚ ਐਨ.ਡੀ.ਪੀ. ਦੇ ਸਿਹਤ ਮਾਮਲਿਆਂ ਦੇ ਆਲੋਚਕ ਫਰਾਂਸ ਜੈਲੀਨਸ ਨੇ ਕਿਹਾ ਕਿ ਸਰਕਾਰ ਨੂੰ ਐਲਕੋਹਲ ਦੀ ਵਿਕਰੀ ਸਟੋਰਾਂ ਰਾਹੀਂ ਕਰਨ ਦੀ ਰਫ਼ਤਾਰ ਘੱਟ ਰੱਖਣ ਦਾ ਸੁਝਾਅ ਦਿਤਾ ਗਿਆ ਪਰ ਪੂਰੇ ਸੂਬੇ ਵਿਚ ਇਕੋ ਵੇਲੇ ਵਿਕਰੀ ਸ਼ੁਰੂ ਹੋ ਰਹੀ ਹੈ ਜਿਸ ਦੇ ਨਾਂਹਪੱਖੀ ਅਸਰ ਲਾਜ਼ਮੀ ਤੌਰ 'ਤੇ ਸਾਹਮਣੇ ਆਉਣਗੇ। ਦੂਜੇ ਪਾਸੇ ਅਰਾਈਵ ਲਾਈਵ ਵੱਲੋਂ ਸਰਕਾਰ ਨੂੰ ਸੁਝਾਅ ਦਿਤਾ ਗਿਆ ਹੈ ਕਿ ਕਨਵੀਨੀਐਂਸ ਸਟੋਰ ਦੇ ਸਟਾਫ ਦੇ ਸਿਖਲਾਈ ਤੋਂ ਇਲਾਵਾ ਹੋਰ ਸੁਰੱਖਿਆ ਮਾਪਦੰਡ ਵੱਲ ਵੀ ਧਿਆਨ ਦਿਤਾ ਜਾਵੇ।




REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail.com
Jaspal Singh Gahunia # M08006400 Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre


# ਪੇਜ ਇੱਕ ਦੀ ਬਾਕੀ

## ਇਜ਼ਰਾਇਲੀ ਹਮਲੇ...

ਇਸੇ ਤਰ੍ਹਾਂ ਮਗ਼ਾਜ਼ੀ ਸ਼ਰਨਾਰਥੀ ਕੈਂਪ 'ਚ ਇਕ ਘਰ 'ਤੇ ਅੱਜ ਤੜਕੇ ਹੋਏ ਹਮਲੇ 'ਚ ਚਾਰ ਵਿਅਕਤੀ ਮਾਰੇ ਗਏ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਖ਼ਾਨ ਯੂਨਿਸ ਸ਼ਹਿਰ 'ਚ ਚਾਰ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ ਹਨ। ਬੇਇਤ ਲਾਹੀਆ 'ਚ ਇਕ ਘਰ 'ਤੇ ਹੋਏ ਇਜ਼ਰਾਇਲੀ ਹਮਲੇ 'ਚ ਦੋ ਹੋਰ ਵਿਅਕਤੀ ਮਾਰੇ ਗਏ। ਗਾਜ਼ਾ ਦੇ ਸਿਹਤ ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਮਾਰੇ ਗਏ ਵਿਅਕਤੀ ਆਮ ਨਾਗਰਿਕ ਜਾਂ ਦਹਿਸ਼ਤਗਰਦ ਸਨ।

## ਟਰੰਪ ਸਰਕਾਰ 'ਚ ਮਸਕ...

'ਉਹ ਇਸ ਪ੍ਰਸਤਾਵ 'ਤੇ ਵਿਚਾਰ ਕਰਕੇ ਖੁਸ਼ ਹੋਣਗੇ।' ਇਸ ਚਰਚਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਚਰਚਾ ਸ਼ੁਰੂ ਹੋ ਗਈ ਕਿ ਜੇਕਰ ਟਰੰਪ ਸੱਤਾ 'ਚ ਆਉਂਦੇ ਹਨ ਤਾਂ ਉਨ੍ਹਾਂ ਦੀ ਸਰਕਾਰ 'ਚ ਐਲੋਨ ਮਸਕ ਨੂੰ ਅਹਿਮ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ।

ਮਸਕ ਨੂੰ ਡੋਨਾਲਡ ਟਰੰਪ ਦਾ ਸਮਰਥਕ ਮੰਨਿਆ ਜਾਂਦਾ ਹੈ ਅਤੇ ਮਈ 'ਚ ਵੀ ਅਮਰੀਕੀ ਮੀਡੀਆ 'ਚ ਅਫਵਾਹਾਂ ਸਨ ਕਿ ਜੇਕਰ ਟਰੰਪ ਚੋਣ ਜਿੱਤ ਜਾਂਦੇ ਹਨ, ਤਾਂ ਉਹ ਐਲੋਨ ਮਸਕ ਨੂੰ ਸਲਾਹਕਾਰ ਬਣਾ ਸਕਦੇ ਹਨ। ਹੁਣ ਦੋਵਾਂ ਵਿਅਕਤੀਆਂ ਵਿਚਾਲੇ ਹੋਈ ਤਾਜ਼ਾ ਗੱਲਬਾਤ ਨੇ ਉਨ੍ਹਾਂ ਚਰਚਾਵਾਂ ਨੂੰ ਹੋਰ ਬਲ ਦਿੱਤਾ ਹੈ।

ਐਕਸ 'ਤੇ ਦਿਖਾਏ ਗਏ ਅੰਕੜਿਆਂ ਮੁਤਾਬਕ 10 ਲੱਖ ਤੋਂ ਵੱਧ ਲੋਕ ਇੰਟਰਵਿਊ ਨੂੰ ਸੁਣ ਰਹੇ ਸਨ। ਟਰੰਪ ਨੇ ਲੋਕਾਂ ਦੀ ਗਿਣਤੀ ਦਾ ਹਵਾਲਾ ਦਿੰਦੇ ਹੋਏ ਕਿਹਾ, "ਹਰ ਰਿਕਾਰਡ ਤੋੜਨ 'ਤੇ ਵਧਾਈ। ਇਸ ਇੰਟਰਵਿਊ ਦਾ ਮਕਸਦ ਟਰੰਪ ਦੀ ਪਿਛੜ ਰਹੀ ਮੁਹਿੰਮ ਨੂੰ ਮੁੜ ਸੁਰਜੀਤ ਕਰਨਾ ਸੀ। ਕਿਉਂਕਿ ਓਪੀਨੀਅਨ ਪੋਲ ਵਿਚ ਉਨ੍ਹਾਂ ਦੀ ਡੈਮੋਕ੍ਰੇਟਿਕ ਵਿਰੋਧੀ ਉਪ ਪ੍ਰਧਾਨ ਕਮਲਾ ਹੈਰਿਸ ਅੱਗੇ ਹੋ ਗਈ ਹੈ। ਟਰੰਪ ਦੀ ਮੁਹਿੰਮ ਨੇ ਮਸਕ ਨਾਲ ਗੱਲਬਾਤ ਨੂੰ 'ਸਦੀ ਦਾ ਇੰਟਰਵਿਊ' ਦੱਸਿਆ ਹੈ। ਮਸਕ ( 53) ਨੇ ਭਾਸ਼ਣ ਤੋਂ ਪਹਿਲਾਂ ਇੱਕ ਪੋਸਟ ਵਿਚ ਕਿਹਾ, 'ਇਹ ਗੈਰ-ਲਿਖਤ ਹੈ ਅਤੇ ਵਿਸ਼ੇ ਦੀ ਕੋਈ ਸੀਮਾ ਨਹੀਂ ਹੈ, ਇਸ ਲਈ ਇਹ ਬਹੁਤ ਮਨੋਰੰਜਕ ਹੋਵੇਗਾ।'

## ਸੈਂਕੜੇ ਪੰਜਾਬੀਆਂ ਨੂੰ...

ਹੀ ਬੱਸ ਨਹੀਂ ਕਈ ਇੰਪਲੌਇਰਜ਼ ਵੱਲੋਂ ਆਪਣੇ ਕਿਰਤੀਆਂ ਲਈ ਰਿਹਾਇਸ਼ ਦਾ ਪ੍ਰਬੰਧ ਵੀ ਨਹੀਂ ਕੀਤਾ ਜਾ ਰਿਹਾ ਜਿਸ ਦੇ ਸਿੱਟੇ ਵਜੋਂ ਇਕ ਕਮਰੇ ਵਿਚ 20 ਤੋਂ 30 ਜਣੇ ਰਹਿਣ ਲਈ ਮਜਬੂਰ ਹਨ ਅਤੇ ਸਿਰਫ ਇਕ ਵਾਸ਼ਰੂਮ ਨਾਲ ਹੀ ਕੰਮ ਚਲਾਉਣਾ ਪੈਂਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਕੈਨੇਡਾ ਆਉਣ ਵਾਲੇ ਹਰ 10 ਆਰਜ਼ੀ ਵਿਦੇਸ਼ੀ ਕਾਮਿਆਂ ਵਿਚੋਂ ਇਕ ਦੀ ਸਾਲਾਨਾ ਕਮਾਈ 7500 ਡਾਲਰ ਤੋਂ ਵੀ ਘੱਟ ਹੁੰਦੀ ਹੈ ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਨ੍ਹਾਂ ਨੂੰ ਕਿੰਨਾ ਜ਼ਿਆਦਾ ਲੁੱਟਿਆ ਜਾਂਦਾ ਹੈ। ਰਿਪੋਰਟ ਵਿਚ ਕੈਨੇਡਾ ਸਰਕਾਰ ਨੂੰ ਆਰਜ਼ੀ ਵਿਦੇਸ਼ੀ ਕਾਮਿਆਂ ਨਾਲ ਸਬੰਧਤ ਨਿਯਮਾਂ ਵਿਚ ਵੱਡੀ ਤਬਦੀਲੀ ਕਰਨ ਦਾ ਸੱਦਾ ਦਿਤਾ ਗਿਆ ਹੈ ਤਾਂਕਿ ਕਿਰਤੀਆਂ ਦੀ ਰਿਹਾਇਸ਼, ਹੈਲਥ ਕੇਅਰ ਅਤੇ ਇੰਮੀਗ੍ਰੇਸ਼ਨ ਸਟੇਟਸ ਦਾ ਮਸਲਾ ਰੁਜ਼ਗਾਰਦਾਤਾਵਾਂ ਦੇ ਕੰਟਰੋਲ ਤੋਂ ਬਾਹਰ ਹੋ ਸਕੇ। ਸੰਯੁਕਤ ਰਾਸ਼ਟਰ ਦੀ ਰਿਪੋਰਟ 'ਤੇ ਟਿੱਪਣੀ ਕਰਦਿਆਂ ਇੰਮੀਗ੍ਰੇਸ਼ਨ ਮਾਹਰਾਂ ਨੇ ਕਿਹਾ ਕਿ ਇਹ ਗੱਲਾਂ ਕਿਸੇ ਤੋਂ ਲੁਕੀਆਂ ਨਹੀਂ ਪਰ ਕੌਮਾਂਤਰੀ ਜਥੇਬੰਦੀ ਵੱਲੋਂ ਸਖ਼ਤ ਸ਼ਬਦਾਂ ਵਿਚ ਇਸ ਸਮੱਸਿਆ ਨੂੰ ਸਾਹਮਣੇ ਲਿਆਂਦਾ ਗਿਆ ਹੈ। ਇਥੇ ਦਸਣਾ ਬਣਦਾ ਹੈ ਕਿ ਪਿਛਲੇ ਦਿਨੀਂ ਕੈਨੇਡਾ ਸਰਕਾਰ ਵੱਲੋਂ ਐਲ.ਐਮ.ਆਈ.ਏ. ਦੇ ਨਾਂ 'ਤੇ ਹੁੰਦੀਆਂ ਠੱਗੀਆਂ ਰੋਕਣ ਲਈ ਨਵੀਂ ਨੀਤੀ ਲਿਆਉਣ ਦਾ ਐਲਾਨ ਕੀਤਾ ਗਿਆ।

## PM ਟਰੂਡੋ ਅਤੇ ਓਨਟਾਰੀਓ ਦੇ...

ਇੱਕ ਨਿਊਜ਼ ਰੀਲੀਜ਼ ਦੇ ਅਨੁਸਾਰ, ਉਕਤ ਵਿਸਤਾਰ ਨਾਲ 2030 ਤੱਕ ਪਲਾਂਟ ਵਿੱਚ ਨਿਕਾਸੀ ਵਿੱਚ 10 ਪ੍ਰਤੀਸ਼ਤ ਦੀ ਕਮੀ ਅਤੇ 2040 ਤੱਕ ਪਲਾਂਟ ਦੇ ਨੈੱਟ-ਜ਼ੀਰੋ ਤੱਕ ਪਹੁੰਚਣ ਦੀ ਉਮੀਦ ਹੈ। ਨਿਊਜ਼ ਰਿਲੀਜ਼ ਵਿਚ ਕੰਪਨੀ ਨੇ ਇਹ ਵੀ ਕਿਹਾ ਕਿ ਇਹ ਵਿਸਤਾਰ 2027 ਤੱਕ 200 ਨਵੀਆਂ ਨਿਰਮਾਣ ਨੌਕਰੀਆਂ ਪੈਦਾ ਕਰੇਗਾ ਅਤੇ ਨੈਪੇਨੀ ਵਿੱਚ 1,000 ਤੋਂ ਵੱਧ ਨੌਕਰੀਆਂ ਸੁਰੱਖਿਅਤ ਕਰੇਗਾ।

## ਬਰੈਂਪਟਨ: ਐੱਮ.ਪੀ.ਪੀ...

ਬਾਰਿਸ਼ ਹੋਣ ਦੇ ਬਾਵਜੂਦ ਵੀ ਵੱਡੀ ਗਿਣਤੀ 'ਚ ਲੋਕ ਇੱਥੇ ਪਹੁੰਚੇ ਹੋਏ ਹਨ। ਉਨ੍ਹਾਂ ਲੋਕਾਂ ਕਿ ਲੋਕਾਂ ਵੱਲੋਂ ਉਨ੍ਹਾਂ ਨੂੰ ਫੀਡਬੈਕ ਵੀ ਦਿੱਤੀ ਜਾ ਰਹੀ ਹੈ ਅਤੇ ਜੋ ਲੋਕਾਂ ਨੂੰ ਪ੍ਰੇਸ਼ਾਨੀ ਆ ਰਹੀ ਹੈ, ਉਸ ਬਾਰੇ ਵੀ ਗੱਲਬਾਤ ਕੀਤੀ ਜਾ ਰਹੀ ਹੈ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਐੱਮਪੀਪੀ ਅਮਰਜੋਤ ਸੰਧੂ ਬਹੁਤ ਹੀ ਚੰਗੇ ਨੇਤਾ ਹੋਣ ਦੇ ਨਾਲ-ਨਾਲ ਚੰਗੇ ਇਨਸਾਨ ਵੀ ਹਨ। ਉਨ੍ਹਾਂ ਕਿਹਾ ਕਿ ਬਰੈਂਪਟਨ ਵਾਸੀਆਂ ਨੂੰ ਅਮਰਜੋਤ ਸੰਧੂ ਦੀ ਬਹੁਤ ਵੱਡੀ ਦੇਣ ਹੈ। ਕਮਿਊਨਿਟੀ ਦੇ ਲੋਕਾਂ ਨੂੰ ਕੋਈ ਦਿੱਕਤ ਨਾ ਆਵੇ ਇਸ ਲਈ ਇਨ੍ਹਾਂ ਵੱਲੋਂ ਦਿਨ ਰਾਤ ਮਿਹਨਤ ਕੀਤੀ ਜਾਂਦੀ ਹੈ। ਪ੍ਰੀਮੀਅਰ ਡੱਗ ਫੋਰਡ ਨੇ ਇਹ ਵੀ ਕਿਹਾ ਕਿ ਅਮਰਜੋਤ ਸੰਧੂ ਦੀ ਮਿਹਨਤ ਸਦਕਾ ਕੀਤੇ ਗਏ ਯਤਨਾਂ ਕਾਰਨ ਹੀ ਬਰੈਂਪਟਨ ਵਾਸੀਆਂ ਵੱਲੋਂ ਇਨ੍ਹਾਂ ਪਿਆਰ ਮਿਲ ਰਿਹਾ ਹੈ।

ਓਨਟਾਰੀਓ ਦੇ ਟ੍ਰਾਂਸਪੋਰਟ ਮੰਤਰੀ ਮਿਸਟਰ ਪ੍ਰਬਮੀਤ ਸਰਕਾਰੀਆ ਅਤੇ ਬਰੈਂਪਟਨ ਈਸਟ ਤੋਂ ਐੱਮਪੀਪੀ ਹਰਦੀਪ ਗਰੇਵਾਲ ਵੀ ਅਮਰਜੋਤ ਸੰਧੂ ਦਾ ਸਾਥ ਦੇਣ ਲਈ ਬਾਰਬੀਕਿਊ 'ਚ ਪਹੁੰਚੇ ਅਤੇ ਉਨ੍ਹਾਂ ਦੱਸਿਆ ਕਿ ਅਮਰਜੋਤ ਸੰਧੂ ਜੀ ਕੁੱਝ ਸਾਲ ਪਹਿਲਾਂ ਸਟੂਡੈਂਟ ਵਜੋਂ ਕੈਨੇਡਾ ਆਏ ਸਨ ਅਤੇ ਉਨ੍ਹਾਂ ਨੇ ਇੰਨੀ ਮਿਹਨਤ ਕੀਤੀ ਕਿ ਅੱਜ ਉਹ ਸਾਰਿਆਂ ਵਿਚਕਾਰ ਮਿਨੀਸਟਰ ਵਜੋਂ ਖੜ੍ਹੇ ਹੋਏ ਹਨ। ਉਨ੍ਹਾਂ ਕਿਹਾ ਕਿ ਅਮਰਜੋਤ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਦਾ ਸਰੋਤ ਹੈ। ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਵੀ ਕਮਿਊਨਿਟੀ ਬਾਰਬੀਕਿਊ ਦਾ ਹਿੱਸਾ ਬਣੇ ਅਤੇ ਉਨ੍ਹਾਂ ਵੀ ਅਮਰਜੋਤ ਸੰਧੂ ਨੂੰ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਐੱਮਪੀਪੀ ਵਜੋਂ ਅਮਰਜੋਤ ਸੰਧੂ ਸਾਰਿਆਂ ਨਾਲ ਰਲ-ਮਿਲ ਕੇ ਬਹੁਤ ਚੰਗਾ ਕੰਮ ਕਰ ਰਹੇ ਹਨ। ਵੱਖ-ਵੱਖ ਭਾਈਚਾਰਿਆਂ ਦੇ ਲੋਕ ਇਸ ਪ੍ਰੋਗਰਾਮ ਦਾ ਹਿੱਸਾ ਬਣੇ ਅਤੇ ਖ਼ੂਬ ਮਸਤੀ ਕਰਕੇ ਗਏ। ਲੋਕਾਂ ਨੇ ਕਿਹਾ ਕਿ ਸਾਰੇ ਪ੍ਰਬੰਧ ਬਹੁਤ ਵਧੀਆ ਕੀਤੇ ਗਏ ਸਨ। ਪ੍ਰੀਮੀਅਰ ਡੱਗ ਫੋਰਡ ਨਾਲ ਲੋਕਾਂ ਵੱਲੋਂ ਫੋਟੋਆਂ ਵੀ ਖਿੱਚਵਾਈਆਂ ਗਈਆਂ। ਇਸ ਮੌਕੇ ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰ ਵੀ ਮੌਜੂਦ ਸਨ ਅਤੇ ਉਨ੍ਹਾਂ ਕਿਹਾ ਕਿ ਅਮਰਜੋਤ ਸੰਧੂ ਜੀ ਦੇ ਵੱਲੋਂ ਲੋਕਾਂ ਲਈ ਬਹੁਤ ਚੰਗੇ ਉਪਰਾਲੇ ਕੀਤੇ ਜਾ ਰਹੇ ਹਨ। ਟਰੱਕਿੰਗ ਇੰਡਸਟ੍ਰੀ 'ਚ ਵੀ ਬਹੁਤ ਨਵੇਂ ਬਦਲਾਅ ਲਿਆਂਦੇ ਗਏ ਹਨ ਅਤੇ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਆਉਣ ਵਾਲੇ ਸਮੇਂ 'ਚ ਇਸੇ ਤਰ੍ਹਾਂ ਉਨ੍ਹਾਂ ਵੱਲੋਂ ਚੰਗੇ ਕੰਮ ਕੀਤੇ ਜਾਂਦੇ ਰਹਿਣਗੇ। ਅਖੀਰ 'ਚ ਐੱਮਪੀਪੀ ਅਮਰਜੋਤ ਸੰਧੂ ਵੱਲੋਂ ਪ੍ਰੀਮੀਅਰ ਡੱਗ ਫੋਰਡ ਅਤੇ ਸਾਰੇ ਲੋਕਾਂ ਦਾ ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਤਹਿ-ਦਿਲੋਂ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਤੁਹਾਡੇ ਸਾਰਿਆਂ ਕਰਕੇ ਹੀ ਇਹ ਪ੍ਰੋਗਰਾਮ ਸਫਲਤਾਪੂਰਨ ਸੰਪੰਨ ਹੋਇਆ।

## ਕੈਨੇਡਾ ਦੇ ਰਸਤੇ ਅਮਰੀਕਾ ਦਾਖਲ...

ਨੂੰ ਧੜਾਧੜ ਰੱਦ ਕਰ ਰਹੀ ਹੈ। ਸੇਫ ਥਰਡ ਕੰਟਰੀ ਐਗਰੀਮੈਂਟ ਵਿਚ ਦੋ ਤਬਦੀਲੀਆਂ ਕਰਦਿਆਂ ਹੁਣ ਪ੍ਰਵਾਸੀਆਂ ਨੂੰ ਪੇਸ਼ੀ ਤੋਂ ਪਹਿਲਾਂ ਵਕੀਲ ਨਾਲ ਸਲਾਹ-ਮਸ਼ਵਰਾ ਕਰਨ ਲਈ ਸਿਰਫ ਚਾਰ ਘੰਟੇ ਦਿਤੇ ਜਾਣਗੇ ਜਦਕਿ ਇਸ ਤੋਂ ਪਹਿਲਾਂ 24 ਘੰਟੇ ਦਾ ਸਮਾਂ ਮਿਲਦਾ ਸੀ। ਸੀ.ਬੀ.ਐਸ. ਨਿਊਜ਼ ਦੀ ਰਿਪੋਰਟ ਮੁਤਾਬਕ ਸੇਫ ਥਰਡ ਕੰਟਰੀ ਐਗਰੀਮੈਂਟ ਤੋਂ ਛੋਟ ਹੋਣ ਦਾ ਦਾਅਵਾ ਸਾਬਤ ਕਰਨ ਲਈ ਪ੍ਰਵਾਸੀਆਂ ਨੂੰ ਸਕ੍ਰੀਨਿੰਗ ਦੌਰਾਨ ਦਸਤਾਵੇਜ਼ ਪੇਸ਼ ਕਰਨੇ ਹੋਣਗੇ ਅਤੇ ਸਕ੍ਰੀਨਿੰਗ ਟਾਲੀ ਨਹੀਂ ਜਾਵੇਗੀ ਜਦਕਿ ਅਤੀਤ ਵਿਚ ਪ੍ਰਵਾਸੀਆਂ ਨੂੰ ਲੋੜੀਂਦੇ ਦਸਤਾਵੇਜ਼ ਇਕੱਤਰ ਕਰਨ ਲਈ ਸਕ੍ਰੀਨਿੰਗ ਦਾ ਸਮਾਂ ਅਤੇ ਤਰੀਕ ਮੁਲਤਵੀ ਕਰਵਾਉਣ ਦਾ ਹੱਕ ਸੀ। ਅਮਰੀਕਾ ਸਰਕਾਰ ਧੜਾ-ਧੜ ਰੱਦ ਕਰਨ ਲੱਗੀ ਅਸਾਇਲਮ ਦੇ ਦਾਅਵੇ ਅਮਰੀਕਾ ਅਤੇ ਕੈਨੇਡਾ ਵਿਚਾਲੇ ਹੋਈ ਸੰਧੀ ਵਿਚ ਸਾਫ ਦਰਸਾਇਆ ਗਿਆ ਹੈ ਕਿ ਗੈਰਕਾਨੂੰਨੀ ਪ੍ਰਵਾਸੀ ਜਿਹੜੇ ਮੁਲਕ ਵਿਚ ਪਹਿਲਾ ਕਦਮ ਰੱਖਣਗੇ, ਅਸਾਇਲਮ ਦਾ ਦਾਅਵਾ ਵੀ ਉਥੇ ਹੀ ਕੀਤਾ ਜਾ ਸਕਦਾ ਹੈ। ਇਸ ਦਾ ਸਾਫ਼ ਮਤਲਬ ਹੈ ਕਿ ਕੈਨੇਡਾ ਪੁੱਜਣ ਮਗਰੋਂ ਅਮਰੀਕਾ ਦਾਖਲ ਹੋਣ ਵਾਲਿਆਂ ਨੂੰ ਅਮਰੀਕਾ ਵਿਚ ਪਨਾਹ ਨਹੀਂ ਮਿਲ ਸਕਦੀ ਪਰ ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ ਚੋਰੀ ਮੋਰੀਆਂ ਹਾਲੇ ਵੀ ਮੌਜੂਦ ਹਨ। ਮੀਡੀਆ ਰਿਪੋਰਟਾਂ ਮੁਤਾਬਕ ਕੈਨੇਡਾ ਦੇ ਰਸਤੇ ਅਮਰੀਕਾ ਆ ਰਹੇ ਗੈਰਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿਚ ਮੌਜੂਦਾ ਵਿੱਤੀ ਵਰ੍ਹੇ ਦੌਰਾਨ 65 ਫੀ ਸਦੀ ਵਾਧਾ ਹੋਇਆ ਹੈ। ਦੂਜੇ ਪਾਸੇ ਦੱਖਣੀ ਬਾਰਡਰ ਰਾਹੀਂ ਮੌਜੂਦਾ ਵਿੱਤੀ ਵਰ੍ਹੇ ਦੌਰਾਨ 13 ਲੱਖ ਪ੍ਰਵਾਸੀ ਅਮਰੀਕਾ ਵਿਚ ਦਾਖਲ ਹੋ ਚੁੱਕੇ ਹਨ। ਇਕੱਲੇ ਜੂਨ ਮਹੀਨੇ ਦੌਰਾਨ 83 ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਮੈਕਸੀਕੋ ਬਾਰਡਰ ਤੋਂ ਕਾਬੂ ਕੀਤਾ ਗਿਆ। ਅਮਰੀਕਾ ਦੇ ਦੱਖਣੀ ਬਾਰਡਰ 'ਤੇ ਰੋਜ਼ਾਨਾ ਕਾਬੂ ਕੀਤੇ ਜਾ ਰਹੇ ਪ੍ਰਵਾਸੀਆਂ ਦੀ ਔਸਤ ਗਿਣਤੀ ਢਾਈ ਹਜ਼ਾਰ ਦੱਸੀ ਜਾ ਰਹੀ ਹੈ ਅਤੇ ਰਾਸ਼ਟਰਪਤੀ ਜੋਅ ਬਾਇਡਨ ਦੇ ਸੱਤਾ ਸੰਭਾਲਣ ਮਗਰੋਂ ਪਹਿਲੀ ਵਾਰ ਇਕ ਮਹੀਨੇ ਦੌਰਾਨ ਰੋਕੇ ਪ੍ਰਵਾਸੀਆਂ ਦੀ ਗਿਣਤੀ ਐਨੇ ਹੇਠਲੇ ਪੱਧਰ 'ਤੇ ਆਈ ਹੈ।


Best Bargain Carpet & Flooring
Residential - Commercial - Industrial
Sale & Custom Installation done by Professionals
LAUZON Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service



WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21 Mississauga, ON L5S 0A2
Email:- best_bargain@hotmail.com



Gurpreet Singh



BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ



We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Instalation Included
MICHELIN BFGoodrich DUNLOP GOODYEAR HANKOOK Xceed AEOLUS ROADLUX
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਨਾਜਾਇਜ਼ ਕਾਲੋਨੀਆਂ ਦਾ ਆਇਆ ਹੜ੍ਹ, ਸਰਕਾਰ ਇਨ੍ਹਾਂ ਨੂੰ ਰੋਕਣ ਲਈ ਕਿਉਂ ਨਹੀਂ ਚੁੱਕ ਰਹੀ ਕਦਮ : ਹਾਈਕੋਰਟ




ਪੰਜਾਬ ਸਟਾਰ

ਪੰਜਾਬ-ਹਰਿਆਣਾ ਹਾਈਕੋਰਟ ਨੇ ਗੈਰ-ਕਾਨੂੰਨੀ ਕਲੋਨੀਆਂ ਦੀ ਵਧਦੀ ਗਿਣਤੀ ਨੂੰ ਰੋਕਣ ਵਿਚ ਪੰਜਾਬ ਸਰਕਾਰ ਦੀ ਉਦਾਸੀਨਤਾ ਨੂੰ ਸਖ਼ਤ ਫਟਕਾਰ ਲਗਾਉਂਦਿਆਂ ਕਿਹਾ ਕਿ ਸਰਕਾਰ ਇਨ੍ਹਾਂ ਦੀ ਆਮਦ ਨੂੰ ਰੋਕਣ ਵਿੱਚ ਕਾਮਯਾਬ ਕਿਉਂ ਨਹੀਂ ਹੋ ਰਹੀ। ਹਾਈਕੋਰਟ ਨੇ ਹੁਣ ਐਨਓਸੀ ਤੋਂ ਬਿਨਾਂ ਰਜਿਸਟ੍ਰੇਸ਼ਨ ਦੀ ਇਜਾਜ਼ਤ ਦੇਣ ਸਬੰਧੀ ਜਵਾਬ ਦਾਇਰ ਕਰਨ ਦਾ ਆਖਰੀ ਮੌਕਾ ਦਿੱਤਾ ਹੈ।

ਲੁਧਿਆਣਾ ਨਿਵਾਸੀ ਪ੍ਰੇਮ ਪ੍ਰਕਾਸ਼ ਨੇ ਐਡਵੋਕੇਟ ਆਯੂਸ਼ ਗੁਪਤਾ ਰਾਹੀਂ ਪਟੀਸ਼ਨ ਦਾਇਰ ਕਰਦੇ ਹੋਏ ਕਿਹਾ ਕਿ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ ਤਹਿਤ ਗੈਰ-ਕਾਨੂੰਨੀ ਕਲੋਨੀਆਂ ਨੂੰ ਰਜਿਸਟਰ ਕਰਨ 'ਤੇ ਪਾਬੰਦੀ ਹੈ। 2014 ਅਤੇ ਬਾਅਦ ਵਿਚ 2018 ਵਿੱਚ, ਸਰਕਾਰ ਨੇ ਵਨ ਟਾਈਮ ਸੈਟਲਮੈਂਟ ਸਕੀਮ ਤਹਿਤ ਗੈਰ-ਕਾਨੂੰਨੀ ਕਲੋਨੀਆਂ ਨੂੰ ਰਜਿਸਟਰ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਸਨ। ਇਹ ਫੈਸਲਾ ਕੀਤਾ ਗਿਆ ਕਿ ਸਬ-ਰਜਿਸਟਰਾਰ ਅਜਿਹੀ ਕਿਸੇ ਵੀ ਜਾਇਦਾਦ ਦੀ ਰਜਿਸਟਰੀ ਨਹੀਂ ਕਰਨਗੇ ਜਿਸ ਕੋਲ ਐਨ.ਓ.ਸੀ. 12 ਦਸੰਬਰ, 2019 ਨੂੰ, ਸਰਕਾਰ ਨੇ NOC ਦੀ ਲੋੜ ਨੂੰ ਹਟਾਉਣ ਲਈ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ। ਪਟੀਸ਼ਨਰ ਨੇ ਕਿਹਾ ਕਿ ਇਸ ਨਾਲ ਸਰਕਾਰ ਨੇ ਗੈਰ-ਕਾਨੂੰਨੀ ਕਲੋਨੀਆਂ ਦੀ ਰਜਿਸਟ੍ਰੇਸ਼ਨ ਦਾ ਰਾਹ ਸਾਫ ਕਰ ਦਿੱਤਾ ਹੈ। ਹਰਿਆਣਾ ਦੇ ਇੱਕ ਮਾਮਲੇ 'ਚ,
ਹਾਈ ਕੋਰਟ ਪਹਿਲਾਂ ਹੀ ਫੈਸਲਾ ਕਰ ਚੁੱਕੀ ਹੈ ਕਿ ਬਿਨਾਂ 'ਛ ਦੇ ਸੇਲ ਡੀਡ ਨਹੀਂ ਕੀਤੀ ਜਾ ਸਕਦੀ। ਹਾਈ ਕੋਰਟ ਨੇ 4 ਅਪ੍ਰੈਲ 2022 ਨੂੰ ਪੰਜਾਬ ਸਰਕਾਰ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਸੀ।

ਪਟੀਸ਼ਨਕਰਤਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਇਸ ਵਿਸ਼ੇ 'ਤੇ ਪਟੀਸ਼ਨ ਦਾਇਰ ਕੀਤੀ ਗਈ ਸੀ। ਉਸ ਦੌਰਾਨ ਪੰਜਾਬ ਸਰਕਾਰ ਨੇ ਕਿਹਾ ਸੀ ਕਿ ਇਹ ਨੋਟੀਫਿਕੇਸ਼ਨ ਕਾਨੂੰਨ ਵਿਭਾਗ ਨਾਲ ਸਲਾਹ ਕਰਕੇ ਜਾਰੀ ਕੀਤਾ ਗਿਆ ਹੈ। ਜੇਕਰ ਇਸ 'ਤੇ ਕੋਈ ਇਤਰਾਜ਼ ਹੈ ਤਾਂ ਸਰਕਾਰ ਪਟੀਸ਼ਨਕਰਤਾ ਵੱਲੋਂ ਦਿੱਤੀ ਗਈ ਸ਼ਿਕਾਇਤ 'ਤੇ ਮੁੜ ਵਿਚਾਰ ਹੋਣ ਤੱਕ ਇਸ ਨੋਟੀਫਿਕੇਸ਼ਨ 'ਤੇ ਫਿਲਹਾਲ ਰੋਕ ਲਗਾਉਣ ਲਈ ਤਿਆਰ ਹੈ। ਪੰਜਾਬ ਸਰਕਾਰ ਵੱਲੋਂ ਇਹ ਭਰੋਸਾ ਦਿੱਤੇ ਜਾਣ ਤੋਂ ਬਾਅਦ ਹਾਈ ਕੋਰਟ ਨੇ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਸੀ। ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਜਲਦ ਤੋਂ ਜਲਦ ਢੁਕਵਾਂ ਫੈਸਲਾ ਲੈਣ ਦੇ ਹੁਕਮ ਦਿੱਤੇ ਸਨ। ਪਟੀਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਟੀਸ਼ਨਰ ਦੇ ਮੰਗ ਪੱਤਰ 'ਤੇ ਫੈਸਲਾ ਲੈਂਦਿਆਂ ਇਸ ਨੂੰ ਰੱਦ ਕਰ ਦਿੱਤਾ ਹੈ। ਅਜਿਹੇ 'ਚ ਇਹ ਪਟੀਸ਼ਨ ਫਿਰ ਤੋਂ ਦਾਇਰ ਕੀਤੀ ਗਈ ਹੈ। ਹਾਈ ਕੋਰਟ ਨੇ ਪਟੀਸ਼ਨਰ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਪੰਜਾਬ ਦੇ ਮੁੱਖ ਸਕੱਤਰ ਨੂੰ ਇਸ ਮਾਮਲੇ ਵਿੱਚ ਜਵਾਬ ਦਾਖ਼ਲ ਕਰਨ ਦੇ ਹੁਕਮ ਦਿੱਤੇ ਸਨ।

# 33 ਲੱਖ ਪ੍ਰਵਾਸੀਆਂ ਨੂੰ ਮਿਲੀ ਅਮਰੀਕਾ ਦੀ ਸਿਟੀਜ਼ਨਸ਼ਿਪ

## 9 ਲੱਖ ਗਰੀਨ ਕਾਰਡ ਹੋਲਡਰ ਜਲਦ ਬਣਨਗੇ ਯੂ.ਐਸ. ਸਿਟੀਜ਼ਨ



ਵਾਸ਼ਿੰਗਟਨ : 33 ਲੱਖ ਪ੍ਰਵਾਸੀ ਅਮਰੀਕਾ ਦੇ ਸਿਟੀਜ਼ਨ ਬਣ ਚੁੱਕੇ ਹਨ ਅਤੇ 9 ਲੱਖ ਗਰੀਨ ਕਾਰਡ ਧਾਰਕਾਂ ਨੂੰ ਜਲਦ ਹੀ ਨਾਗਰਿਕਤਾ ਮਿਲ ਸਕਦੀ ਹੈ। ਇਹ ਚਮਤਕਾਰ ਜੋਅ ਬਾਇਡਨ ਦੇ ਰਾਸ਼ਟਰਪਤੀ ਬਣਨ ਮਗਰੋਂ ਹੋਇਆ ਹੈ ਅਤੇ ਸਿਆਸਤ ਦੇ ਜਾਣਕਾਰਾਂ ਦਾ ਕਹਿਣਾ ਹੈ ਵੋਟਾਂ ਦੌਰਾਨ ਫਾਇਦਾ ਹਾਸਲ ਕਰਨ ਲਈ ਲੱਖਾਂ ਪ੍ਰਵਾਸੀਆਂ ਨੂੰ ਆਉਣ ਵਾਲੇ ਮਹੀਨਿਆਂ ਵਿਚ ਨਾਗਰਿਕਤਾ ਦਿਤੀ ਜਾਵੇਗੀ। ਗਰੀਨ ਕਾਰਡ ਧਾਰਕਾਂ ਅਤੇ ਨਾਗਰਿਕਾਂ ਦੇ ਹੱਕ ਤਕਰੀਬਨ ਬਰਾਬਰ ਹੁੰਦੇ ਹਨ ਪਰ ਵੋਟ ਪਾਉਣ ਦਾ ਹੱਕ ਸਿਰਫ ਨਾਗਰਿਕਾਂ ਕੋਲ ਹੀ ਹੁੰਦਾ ਹੈ। ਅਮਰੀਕਾ ਦੇ ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਵੱਲੋਂ ਔਸਤ ਆਧਾਰ 'ਤੇ ਤਕਰੀਬਨ 5 ਮਹੀਨੇ ਵਿਚ ਨਾਗਰਿਕਤਾ ਨਾਲ ਸਬੰਧਤ ਅਰਜ਼ੀਆਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ ਜਦਕਿ 2021 ਵਿਚ ਇਹ ਸਮਾਂ 11 ਮਹੀਨੇ ਤੋਂ ਉਪਰ ਚੱਲ ਰਿਹਾ ਸੀ।

ਜੋਅ ਬਾਇਡਨ ਨੇ ਸੱਤਾ ਸੰਭਾਲਣ ਮਗਰੋਂ ਇੰਮੀਗ੍ਰੇਸ਼ਨ ਅਰਜ਼ੀਆਂ ਦਾ ਬੈਕਲਾਗ ਘਟਾਉਣ ਲਈ ਕਈ ਵੱਡੇ ਫੈਸਲੇ ਲਏ ਜਿਨ੍ਹਾਂ ਦਾ ਅਸਰ ਸਾਫ ਦੇਖਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਅਰਜ਼ੀਆਂ ਦੇ ਨਿਪਟਾਰੇ ਲਈ ਵਰਤੀ ਜਾਂਦੀ ਤਕਨੀਕ ਸੁਧਾਰੀ ਗਈ ਅਤੇ ਅਰਜ਼ੀ ਦੇ ਸਫਿਆਂ ਦੀ ਗਿਣਤੀ 20 ਤੋਂ ਘਟਾ ਕੇ 14 ਦਿਤੀ ਗਈ। ਭਾਵੇਂ ਸਿਟੀਜ਼ਨਸ਼ਿਪ ਫੀਸ 640 ਡਾਲਰ ਤੋਂ ਵਧਾ ਕੇ 710 ਡਾਲਰ ਕਰ ਦਿਤੀ ਗਈ ਪਰ ਘੱਟ ਆਮਦਨ ਵਾਲਿਆਂ ਨੂੰ ਰਿਆਇਤ ਦਾ ਐਲਾਨ ਵੀ ਕੀਤਾ ਗਿਆ। ਇਥੇ ਦਸਣਾ ਬਣਦਾ ਹੈ ਕਿ ਟਰੰਪ ਦੇ ਕਾਰਜਕਾਲ ਦੌਰਾਨ ਗੈਰਜ਼ਰੂਰੀ ਬੰਦਿਸ਼ਾਂ ਲਾਗੂ ਹੋਣ ਕਾਰਨ ਪ੍ਰਵਾਸੀਆਂ ਦੀਆਂ ਸਿਟੀਜ਼ਨਸ਼ਿਪ ਅਰਜ਼ੀਆਂ ਦਾ ਨਿਪਟਾਰਾ ਹੋਣ ਵਿਚ ਲੰਮਾ ਸਮਾਂ ਲੱਗ ਰਿਹਾ ਸੀ। ਇਨ੍ਹਾਂ ਬੰਦਿਸ਼ਾਂ ਕਰ ਕੇ ਹੀ ਤਕਰੀਬਨ ਤਿੰਨ ਲੱਖ ਪ੍ਰਵਾਸੀ 2020 ਦੀਆਂ ਚੋਣਾਂ ਤੋਂ ਪਹਿਲਾਂ ਸਿਟੀਜ਼ਨਸ਼ਿਪ ਹਾਸਲ ਨਾ ਕਰ ਸਕੇ ਅਤੇ ਵੋਟ ਪਾਉਣ ਤੋਂ ਵਾਂਝੇ ਰਹਿ ਗਏ। ਅਮਰੀਕਾ ਵਿਚ ਵੋਟਰਾਂ ਦੇ ਰੁਝਾਨ ਬਾਰੇ ਅਧਿਐਨ ਕਰਨ ਵਾਲੇ ਮਾਹਰਾਂ ਦਾ ਕਹਿਣਾ ਹੈ ਕਿ ਲੈਟਿਨ ਅਮੈਰਿਕਾ, ਏਸ਼ੀਅਨਜ਼ ਅਤੇ ਅਫਰੀਕੀ ਮੂਲ ਦੇ ਜ਼ਿਆਦਾਤਰ ਲੋਕਾਂ ਦਾ ਝੁਕਾਅ ਡੈਮੋਕ੍ਰੈਟਿਕ ਪਾਰਟੀ ਵੱਲ ਹੁੰਦਾ ਹੈ ਜਿਸ ਦੇ ਮੱਦੇਨਜ਼ਰ ਆਉਂਦੀਆਂ ਚੋਣਾਂ ਵਿਚ ਕਮਲਾ ਹੈਰਿਸ ਨੂੰ ਵੱਡਾ ਫਾਇਦਾ ਹੋ ਸਕਦਾ ਹੈ।

# ਕੋਲਕਾਤਾ ਡਾਕਟਰ ਰੇਪ ਕੇਸ : ਹਸਪਤਾਲ ਪੁੱਜੀਆਂ ਸੀਬੀਆਈ ਦੀਆਂ 3 ਟੀਮਾਂ




ਕੋਲਕਾਤਾ : ਕੋਲਕਾਤਾ ਡਾਕਟਰ ਨਾਲ ਰੇਪ ਅਤੇ ਕਤਲ ਮਾਮਲੇ ਵਿਚ ਬੁੱਧਵਾਰ ਨੂੰ ਸੀਬੀਆਈ ਦੀ 16 ਮੈਂਬਰੀ ਟੀਮ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਪੁੱਜੀ। ਇਸ ਟੀਮ ਵਿਚ ਡਾਕਟਰ, ਫੋਰੈਂਸਿਕ ਮਾਹਿਰ, ਫੋਟੋਗ੍ਰਾਫਰ ਅਤੇ ਹੋਰ ਸ਼ਾਮਲ ਹਨ। ਜਦੋਂ ਜਾਂਚ ਟੀਮ ਹਸਪਤਾਲ ਪਹੁੰਚੀ ਤਾਂ ਉਥੇ ਪਹਿਲਾਂ ਤੋਂ ਹੀ ਮੈਡੀਕਲ ਦੇ ਵਿਦਿਆਰਥੀ ਅਤੇ ਮੀਡੀਆ ਵਾਲੇ ਵੱਡੀ ਗਿਣਤੀ ਵਿਚ ਇਕੱਠੇ ਹੋਏ ਸਨ। ਜਾਣਕਾਰੀ ਮਿਲ ਰਹੀ ਹੈ ਕਿ ਸੀਬੀਆਈ ਦੀ ਟੀਮ ਸਿੱਧੇ ਸੈਮੀਨਾਰ ਹਾਲ ਪੁੱਜੀ ਅਤੇ ਉਥੋਂ ਸਬੂਤ ਇਕੱਠੇ ਕੀਤੇ। ਫੋਰੈਂਸਿਕ ਮਾਹਿਰਾਂ ਨੇ ਮੌਕੇ ਤੋਂ ਸਬੂਤ ਇਕੱਠੇ ਕੀਤੇ। ਸੀਬੀਆਈ ਸੂਤਰਾਂ ਅਨੁਸਾਰ ਜਾਂਚ ਏਜੰਸੀ ਨੇ ਮਾਮਲੇ ਦੀ ਜਾਂਚ ਲਈ ਤਿੰਨ ਟੀਮਾਂ ਬਣਾਈਆਂ ਹਨ, ਜੋ ਵੱਖਰੇ ਤੌਰ 'ਤੇ ਜਾਂਚ ਕਰਨਗੀਆਂ। ਦੱਸਿਆ ਜਾ ਰਿਹਾ ਹੈ ਕਿ ਇੱਕ ਟੀਮ ਹਸਪਤਾਲ ਦੇ ਨਰਸਿੰਗ ਸਟਾਫ, ਡਾਕਟਰਾਂ ਅਤੇ ਕੇਸ ਨਾਲ ਸਬੰਧਤ ਗਵਾਹਾਂ ਦੇ ਬਿਆਨ ਲਏਗੀ। ਇਸ ਦੇ ਨਾਲ ਹੀ ਦੂਜੀ ਟੀਮ ਗਵਾਹਾਂ ਦੇ ਮੈਡੀਕਲ, ਹਿਰਾਸਤ ਅਤੇ ਅਦਾਲਤ ਵਿਚ ਲਿਜਾਣ ਦਾ ਕੰਮ ਸੰਭਾਲੇਗੀ। ਇਸ ਤੋਂ ਇਲਾਵਾ ਤੀਜੀ ਟੀਮ ਕੋਲਕਾਤਾ ਪੁਲਿਸ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਮਾਮਲੇ ਦੀ ਜਾਂਚ ਨੂੰ ਤੇਜ਼ ਕਰੇਗੀ। ਦੱਸ ਦੇਈਏ ਕਿ ਬੀਤੇ ਮੰਗਲਵਾਰ ਨੂੰ ਕਲਕੱਤਾ ਹਾਈ ਕੋਰਟ ਨੇ ਮਾਮਲੇ ਦੀ ਜਾਂਚ ਕੋਲਕਾਤਾ ਪੁਲਿਸ ਤੋਂ ਸੀਬੀਆਈ ਨੂੰ ਸੌਂਪ ਦਿੱਤੀ ਸੀ, ਜਿਸ ਤੋਂ ਬਾਅਦ ਜਾਂਚ ਏਜੰਸੀ ਨੇ ਨਵੀਂ ਦਿੱਲੀ ਵਿਚ ਵੱਖ-ਵੱਖ ਧਾਰਾਵਾਂ ਤਹਿਤ ਇਸ ਮਾਮਲੇ ਵਿਚ ਐਫਆਈਆਰ ਦਰਜ ਕੀਤੀ ਹੈ। ਇਹ ਵੀ ਜਾਣਕਾਰੀ ਮਿਲ ਰਹੀ ਹੈ ਕਿ ਸੀਬੀਆਈ ਨੂੰ ਕੁਝ ਅਜਿਹੇ ਸਬੂਤ ਮਿਲੇ ਹਨ, ਜੋ ਅਦਾਲਤ 'ਚ ਦੋਸ਼ੀਆਂ ਖਿਲਾਫ ਸਬੂਤ ਬਣ ਜਾਣਗੇ।

## ਕੋਲਕਾਤਾ ਘਟਨਾ ਨੂੰ ਲੈ ਕੇ ਬ੍ਰਿਟਿਸ਼ ਭਾਰਤੀ ਡਾਕਟਰਾਂ ਨੇ ਕੀਤਾ ਰੋਸ ਪ੍ਰਦਰਸ਼ਨ

ਕੋਲਕਾਤਾ ਘਟਨਾ ਦੀ ਅੱਗ ਬ੍ਰਿਟੇਨ ਪਹੁੰਚਣ 'ਤੇ ਬ੍ਰਿਟਿਸ਼ ਭਾਰਤੀ ਡਾਕਟਰਾਂ ਨੇ ਰੋਸ ਪ੍ਰਦਰਸ਼ਨ ਕੀਤਾ । ਬਰਤਾਨੀਆ ਵਿਚ ਭਾਰਤੀ ਮੂਲ ਦੀਆਂ ਮਹਿਲਾ ਡਾਕਟਰਾਂ ਨੇ ਕੋਲਕਾਤਾ ਵਿਚ ਇੱਕ ਮੈਡੀਕਲ ਵਿਦਿਆਰਥਣ ਨਾਲ ਕਥਿਤ ਬਲਾਤਕਾਰ ਅਤੇ ਹੱਤਿਆ ਨੂੰ ਲੈ ਕੇ ਡੂੰਘਾ ਗੁੱਸਾ ਜ਼ਾਹਰ ਕੀਤਾ ਹੈ ਤੇ ਭਾਰਤ ਵਿੱਚ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਨਾਲ ਇੱਕਜੁੱਟਤਾ ਪ੍ਰਗਟਾਈ ਹੈ। ਇਨ੍ਹਾਂ 'ਚੋਂ ਕਈ ਮਹਿਲਾ ਡਾਕਟਰਾਂ ਨੇ ਭਾਰਤ 'ਚ ਸਿੱਖਿਆ ਹਾਸਲ ਕੀਤੀ ਹੈ ਅਤੇ ਉਨ੍ਹਾਂ ਨੇ ਇਸ ਘਟਨਾ 'ਤੇ ਤੁਰੰਤ ਕਾਰਵਾਈ ਦੀ ਮੰਗ ਕੀਤੀ ਹੈ। ਸ਼ੁੱਕਰਵਾਰ ਨੂੰ ਪੀੜਤਾ ਦੀ ਲਾਸ਼ ਕੋਲਕਾਤਾ ਦੇ ਸਰਕਾਰੀ ਆਰਜੀ ਕਾਰ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਮਿਲੀ, ਜਿਸ 'ਤੇ ਗੰਭੀਰ ਸੱਟਾਂ ਦੇ ਨਿਸ਼ਾਨ ਸਨ। ਮੁੱਢਲੀ ਪੋਸਟਮਾਰਟਮ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਉਸ ਨਾਲ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ। ਇਸ ਘਟਨਾ ਨੇ ਰਾਜ ਭਰ ਅਤੇ ਹੋਰ ਥਾਵਾਂ 'ਤੇ ਮੈਡੀਕਲ ਅਤੇ ਗੈਰ-ਮੈਡੀਕਲ ਭਾਈਚਾਰੇ ਦੁਆਰਾ ਵਿਆਪਕ ਵਿਰੋਧ ਪ੍ਰਦਰਸ਼ਨ ਕੀਤਾ। ਬ੍ਰਿਟਨ ਵਿੱਚ ਨੈਸ਼ਨਲ ਹੈਲਥ ਸਰਵਿਸ (ਐੱਨਐੱਚਐੱਸ) ਦੀ ਇੱਕ ਜੇਰੀਏਟ੍ਰਿਸ਼ੀਅਨ ਡਾ: ਦੀਪਤੀ ਜੈਨ ਨੇ ਕਿਹਾ ਕਿ ਉਹ ਪਿਛਲੇ ਹਫ਼ਤੇ ਦੀ ਘਟਨਾ ਤੋਂ ਬਾਅਦ ਬਹੁਤ ਡਰੀ ਹੋਈ ਹੈ ਅਤੇ ਡਾਕਟਰੀ ਭਾਈਚਾਰੇ ਤੋਂ ਲਗਾਤਾਰ ਉਸ ਨੂੰ ਸੰਦੇਸ਼ ਮਿਲ ਰਹੇ ਹਨ।












# 'ਲਿਟਰੇਰੀ ਰਿਫਲੈੱਕਸ਼ਨਜ਼' ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਸਬੰਧੀ ਕਰਵਾਇਆ ਸੈਮੀਨਾਰ

## ਸੈਮੀਨਾਰ ਦੇ ਮੁੱਖ-ਬੁਲਾਰੇ ਡਾ. ਕੁਲਦੀਪ ਸਿੰਘ, ਪ੍ਰੋ. ਬਾਵਾ ਸਿੰਘ, ਨਿਰਲੇਪ ਸਿੰਘ ਗਿੱਲ ਤੇ ਕੁਮਾਰੀ ਐੱਮ.ਸੁੰਦਰ ਸਿੰਘ ਸਨ









ਬਰੈਂਪਟਨ, (ਡਾ. ਝੰਡ): ਜੀਟੀਏ ਦੀ ਲਿਟਰੇਰੀ ਤੇ ਸੱਭਿਆਚਾਰਕ ਸੰਸਥਾ 'ਲਿਟਰੇਰੀ ਰਿਫਲੈੱਕਸ਼ਨਜ਼ ਵੱਲੋਂ ਲੰਘੇ ਸ਼ਨੀਵਾਰ 10 ਅਗੱਸਤ ਨੂੰ ਬਰੈਂਪਟਨ ਦੇ 'ਪੰਜਾਬੀ ਭਵਨ' ਵਿਖੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਸੈਮੀਨਾਰ ਦਾ ਆਯੋਜਨ ਕਿਤਾ ਗਿਆ। ਸੈਮੀਨਾਰ ਦਾ ਆਰੰਭ ਕਰਦੇ ਹੋਏ ਸੰਸਥਾ ਦੀ ਕਨਵੀਨਰ ਸੁਰਜੀਤ ਕੌਰ ਟੋਰਾਂਟੋ ਨੇ ਇਸ ਸੰਸਥਾ ਦੇ ਉਦੇਸ਼ਾਂ ਅਤੇ ਸਰਗਰਮੀਆਂ ਬਾਰੇ ਜਾਣਕਾਰੀ ਸਾਂਝੀ ਕਰਨ ਉਪਰੰਤ ਸਟੇਜ 'ਓਮਨੀ ਟੀ.ਵੀ.' ਦੀ ਪੱਤਰਕਾਰ ਬੀਬਾ ਲਵੀਨ ਗਿੱਲ ਦੇ ਹਵਾਲੇ ਕਰ ਦਿੱਤੀ ਜਿਸ ਨੇ ਪ੍ਰੋ. ਜਗੀਰ ਸਿੰਘ ਕਾਹਲੋਂ ਨੂੰ ਸੈਮੀਨਾਰ ਦੇ ਬੁਲਾਰਿਆਂ ਬਾਰੇ ਜਾਣਕਾਰੀ ਦੇਣ ਲਈ ਕਿਹਾ। ਪ੍ਰੋ. ਕਾਹਲੋਂ ਨੇ ਦੱਸਿਆ ਕਿ ਪਿਛਲੇ ਕੁਝ ਸਾਲਾਂ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕਈ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਨ੍ਹਾਂ ਵਿਚ ਕਈ ਕਾਲਜਾਂ ਬੰਦ ਕਰਕੇ ਵਿਦਿਆਰਥੀਆਵਾਂ ਨੂੰ ਦੇਸ਼-ਨਿਕਾਲਾ ਦੇਣਾ, ਫ਼ੀਸਾਂ ਵਿਚ ਵਾਧਾ ਕਰਨਾ, ਵਿਦਿਆਰਥੀਆਵਾਂ ਨੂੰ ਨਿਰਧਾਰਿਤ ਕੰਮ ਨਾ ਮਿਲਣਾ, ਰਿਹਾਇਸ਼ੀ ਦਿੱਕਤਾਂ ਅਤੇ ਪਿੱਛੇ ਮਾਪਿਆਂ ਵੱਲੋਂ ਡਾਲਰਾਂ ਦੀ ਮੰਗ, ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦਿੱਕਤਾਂ ਕਾਰਨ ਕਈ ਵਿਦਿਆਰਥੀ ਡਿਪਰੈੱਸ਼ਨ ਵਿਚ ਚਲੇ ਜਾਂਦੇ ਹਨ। ਉਨ੍ਹਾਂ ਵਿੱਚੋਂ ਕਈ ਖ਼ੁਦਕਸ਼ੀਆਂ ਕਰ ਜਾਂਦੇ ਹਨ ਅਤੇ ਕਈ ਦਿਲ ਦੀਆਂ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਡਾ. ਕੁਲਦੀਪ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚੋਂ ਬਤੌਰ ਪ੍ਰੋਫ਼ੈਸਰ ਸੇਵਾ-ਮੁਕਤ ਹੋਏ ਹਨ, ਪ੍ਰੋ. ਬਾਵਾ ਸਿੰਘ ਪੰਜਾਬ ਦੇ ਕਾਲਜਾਂ ਵਿਚ ਅੰਗਰੇਜ਼ੀ ਪੜ੍ਹਾਉਂਦੇ ਰਹੇ ਹਨ ਅਤੇ ਭਾਰਤ ਸਰਕਾਰ ਦੇ ਘੱਟ ਗਿਣਤੀ ਦੇ ਉਪ-ਚੇਅਰਮੈਨ ਰਹੇ ਹਨ। ਤੀਸਰੇ ਬੁਲਾਰੇ ਨਿਰਲੇਪ ਸਿੰਘ ਗਿੱਲ ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼ ਵਿਚ ਬਤੌਰ ਕਾਊਂਸਲਰ ਕੰਮ ਕਰ ਰਹੇ ਹਨ ਤੇ ਜੇਲ੍ਹਾਂ ਵਿਚ ਬੰਦ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਾਊਂਸਲਿੰਗ ਕਰਦੇ ਹਨ ਅਤੇ ਚੌਥੇ ਬੁਲਾਰੇ ਕੁਮਾਰੀ ਐੱਮ. ਸੁੰਦਰ ਸਿੰਘ ਪਿਛਲੇ ਲੰਮੇਂ ਸਮੇਂ ਤੋਂ ਕੈਨੇਡਾ ਵਿਚ ਇੱਕ ਐੱਨ.ਜੀ.ਓ. ਚਲਾ ਰਹੇ ਹਨ ਜੋ ਔਰਤਾਂ ਦੇ ਮੁੜ-ਵਸੇਬੇ ਬਾਰੇ ਕਾਰਜਸ਼ੀਲ ਹੈ।

ਪਹਿਲੇ ਬੁਲਾਰੇ ਡਾ. ਕੁਲਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਵਿਚ ਗੁਣਵੰਤਾ ਸਿੱਖਿਆ ਦੀ ਘਾਟ ਅਤੇ ਬੇਰੋਜ਼ਗਾਰੀ ਕਾਰਨ ਬਹੁਤੇ ਪੰਜਾਬੀ ਵਿਦਿਆਰਥੀ ਵਿਦੇਸ਼ਾਂ ਦਾ ਰੁਖ਼ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਉੱਥੇ ਆਪਣਾ ਭਵਿੱਖ ਹਨੇਰਾ ਦਿਖਾਈ ਦਿੰਦਾ ਹੈ। ਦੂਸਰੇ ਬੁਲਾਰੇ ਪ੍ਰੋ. ਬਾਵਾ ਸਿੰਘ ਨੇ ਸਮੁੱਚੇ ਪਰਵਾਸ ਬਾਰੇ ਗੱਲ ਕਰਦਿਆਂ ਦੱਸਿਆ ਕਿ 19'ਵੀਂ ਸਦੀ ਦੇ ਅੰਤ ਤੇ 20'ਵੀਂ ਦੇ ਆਰੰਭ ਵਿਚ ਪੰਜਾਬ ਵਿਚ ਪਏ ਅਕਾਲ਼ਾਂ ਅਤੇ ਜ਼ਮੀਨਾਂ ਦੇ ਨਕਦ ਮਾਮਲੇ ਨਾ ਦੇ ਸਕਣ ਕਾਰਨ ਪੰਜਾਬੀਆਂ ਨੇ ਬਾਹਰਲੇ ਦੇਸ਼ਾਂ ਵੱਲ ਰੁਖ਼ ਕੀਤਾ। ਜਦੋਂ ਪੰਜਾਬ ਵਿਚ ਚੰਗੇਰਾ ਭਵਿੱਖ ਨਾ ਦਿਸਿਆ ਤਾਂ ਵਿਦਿਆਰਥੀ ਖ਼ਾਸ ਕਰਕੇ ਵਿਦੇਸ਼ਾਂ ਵੱਲ ਰੁਚਿਤ ਹੋਏ ਜਿਨ੍ਹਾਂ ਵਿੱਚੋਂ ਬਹੁ-ਗਿਣਤੀ ਕੈਨੇਡਾ ਵਿਚ ਪਹੁੰਚੀ ਅਤੇ ਹੁਣ ਇੱਥੇ ਸਮੱਸਿਆਵਾਂ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਦੀ ਹਰ ਪੱਧਰ 'ਤੇ ਲੁੱਟ ਹੋ ਰਹੀ ਹੈ ਜਿਸ ਵਿਚ ਕੰਮਾਂ ਦੀ ਘਾਟ ਕਰਕੇ ਉਨ੍ਹਾਂ ਕੋਲੋਂ ਘੱਟ ਉਜਰਤ 'ਤੇ ਕੰਮ ਕਰਵਾਉਣਾ ਅਤੇ ਕੰਮ ਕਰਵਾ ਕੇ ਪੈਸੇ ਨਾ ਦੇਣਾ, ਆਦਿ ਸ਼ਾਮਲ ਹਨ।

ਤੀਸਰੇ ਬੁਲਾਰੇ ਨਿਰਲੇਪ ਸਿੰਘ ਗਿੱਲ ਨੇ ਦੱਸਿਆ ਕਿ ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀ ਕਰਾਈਮ, ਡਰੱਗ, ਚੋਰੀ, ਆਦਿ ਮਾਮਲਿਆਂ ਵਿਚ ਸ਼ਾਮਲ ਹੋਣ ਕਰਕੇ ਜੇਲਾਂ ਵਿਚ ਬੰਦ ਹਨ। ਉਨ੍ਹਾਂ ਉੱਪਰ ਕਈ ਕਈ ਦੋਸ਼ ਆਇਦ ਹਨ ਅਤੇ ਉਨ੍ਹਾਂ ਕੋਲ ਹੁਣ ਕੋਈ ਵੀ ਲੋੜੀਂਦੇ ਦਸਤਾਵੇਜ਼ ਨਹੀਂ ਹਨ। ਉਨ੍ਹਾਂ ਕੋਲ ਦੇਸ਼ ਵਾਪਸ ਪਰਤਣ ਤੋਂ ਬਿਨਾਂ ਕੋਈ ਚਾਰਾ ਨਹੀਂ ਹੈ ਜਿਸ ਦੇ ਲਈ ਉਹ ਮਾਨਸਿਕ ਤੌਰ 'ਤੇ ਤਿਆਰ ਨਹੀਂ ਹਨ। ਮਾਪਿਆਂ ਵੱਲੋਂ ਭੇਜਣ ਲੱਗਿਆਂ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤਿਆਰ ਨਹੀਂ ਕੀਤਾ ਗਿਆ ਜਿਸ ਦੇ ਨਤੀਜੇ ਵਜੋਂ ਉਹ ਇੱਥੋਂ ਦੇ ਕਾਨੂੰਨ ਅਤੇ ਹੋਰ ਨਿਯਮਾਂ ਤੋਂ ਜਾਣੂੰ ਨਹੀਂ ਹਨ। ਸੈਮੀਨਾਰ ਦੇ ਆਖ਼ਰੀ ਬੁਲਾਰੇ ਕੁਮਾਰੀ ਸੁੰਦਰ ਸਿੰਘ ਨੇ ਇਕ ਵਿਦਿਆਰਥਣ ਦੀ ਦਰਦ-ਭਰੀ ਵਿਥਿਆ ਦੱਸਦਿਆਂ ਕਿਹਾ ਕਿ ਉਸ ਦੇ ਕੰਮ ਵਾਲੀ ਥਾਂ 'ਤੇ ਉਸ ਦਾ ਮਾਲਕ ਉਸ ਨੂੰ ਜਾਣ ਬੁੱਝ ਕੇ ਰਾਤ ਦੀ ਸ਼ਿਫ਼ਟ ਦਾ ਕੰਮ ਦਿੰਦਾ ਹੈ ਅਤੇ ਆਨੇ-ਬਹਾਨੇ ਉਸ ਨੂੰ "ਆਖੇ ਲੱਗਣ" ਲਈ ਕਹਿੰਦਾ ਹੈ ਅਤੇ ਇਸ ਬਦਲੇ ਉਸ ਨੂੰ ਚੋਖੇ ਡਾਲਰਾਂ ਦੀ ਪੇਸ਼ਕਸ਼ ਵੀ ਕਰਦਾ ਹੈ। ਉਸ ਦੇ "ਆਖੇ ਲੱਗਣ" ਦੀ ਥਾਂ ਉਹ ਵਿਦਿਆਰਥਣ ਕੁਮਾਰੀ ਸੁੰਦਰ ਸਿੰਘ ਦੀ ਸਲਾਹ ਲੈਂਦੀ ਅਤੇ ਇਨ੍ਹਾਂ ਦੀ ਸੰਸਥਾ ਉਸ ਨੂੰ ਹੋਰ ਕੰਮ ਲੱਭ ਕੇ ਦਿੰਦੀ ਹੈ। ਉਹ ਹੋਰ ਲੜਕੀਆਂ ਨੂੰ ਵੀ ਸਲਾਹ ਦਿੰਦੀ ਹੈ ਕਿ ਉਹ ਇੱਥੇ ਕੋਈ ਸਿਖਲਾਈ ਲੈ ਕੇ ਉਸ ਕੰਮ ਵਿਚ ਤਾਕ ਹੋ ਜਾਣ ਤਾਂ ਹੀ ਉਹ ਕੈਨੇਡਾ ਵਿਚ ਸਵੈਮਾਣ ਦਾ ਜੀਵਨ ਜੀਅ ਸਕਦੀਆਂ ਹਨ। ਪ੍ਰਸ਼ਨ-ਉੱਤਰ ਸੈਸ਼ਨ ਵਿਚ ਪ੍ਰੋ. ਇੰਦਰਦੀਪ ਸਿੰਘ, ਹੀਰਾ ਸਿੰਘ ਹੰਸਪਾਲ, ਡਾ. ਲਖਵਿੰਦਰ ਸਿੰਘ, ਡਾ. ਹਰਦੀਪ ਸਿੰਘ ਅਟਵਾਲ, ਪ੍ਰੋ. ਅਤੈ ਸਿੰਘ, ਨਾਹਰ ਸਿੰਘ ਔਜਲਾ, ਬਲਜੀਤ ਸਿੰਘ ਸਿਕੰਦ, ਭੁਪਿੰਦਰ ਸਿੰਘ ਧਾਲੀਵਾਲ ਸਮੇਤ ਕਈਆਂ ਵੱਲੋਂ ਸੁਆਲ ਕੀਤੇ ਗਏ ਜਿਨ੍ਹਾਂ ਦੇ ਬੁਲਾਰਿਆਂ ਵੱਲੋਂ ਢੁਕਵੇਂ ਉੱਤਰ ਦਿੱਤੇ ਗਏ। ਵਿਦਿਆਰਥੀ ਜਥੇਬੰਦੀ ਆਗੂ ਬਿਕਰਮ ਸਿੰਘ ਕੁੱਲੇਵਾਲ ਆਪਣੇ ਸਾਥੀਆਂ ਨਾਲ ਇਸ ਸੈਮੀਨਾਰ ਵਿਚ ਸ਼ਾਮਲ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਜਿਨ੍ਹਾਂ ਦੇ ਕੋਈ ਯੋਗ ਹੱਲ ਨਹੀਂ ਲੱਭੇ ਜਾ ਰਹੇ, ਦੇ ਸਮਾਧਾਨ ਲਈ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਬਾਰੇ ਦੱਸਿਆ। ਇਸ ਦੌਰਾਨ ਡਾ. ਸੁਖਦੇਵ ਸਿੰਘ ਝੰਡ ਨੇ ਸੈਮੀਨਾਰ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਜੋ ਵਿਦਿਆਰਥੀ ਇਸ ਸਮੇਂ ਕੈਨੇਡਾ ਆ ਚੁੱਕੇ ਹਨ ਅਤੇ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਹਨ, ਉਨ੍ਹਾਂ ਨੂੰ ਵਾਪਸ ਨਹੀਂ ਭੇਜਿਆ ਜਾਣਾ ਚਾਹੀਦਾ, ਕਿਉਂਕਿ ਕੈਨੇਡਾ ਨੂੰ ਪੜ੍ਹੀ ਲਿਖੀ 'ਵਰਕ-ਫੋਰਸ' ਦੀ ਕਾਫ਼ੀ ਜ਼ਰੂਰਤ ਹੈ ਜਿਸ ਦੇ ਲਈ ਸਰਕਾਰ ਵੱਲੋਂ ਪਿਛਲੇ ਕੁਝ ਸਾਲਾਂ ਵਿਚ ਵੱਡੀ ਗਿਣਤੀ ਵਿਚ ਸਟੂਡੈਂਟ-ਵੀਜ਼ੇ ਜਾਰੀ ਕੀਤੇ ਗਏ ਸਨ।

ਸੈਮੀਨਾਰ ਵਿਚ ਸ਼ਾਮਲ ਹੋਣ ਵਾਲਿਆਂ ਵਿਚ ਪ੍ਰੋ. ਕਸ਼ਮੀਰ ਸਿੰਘ ਨਾਗੀ, ਪ੍ਰੋ. ਸਿਕੰਦਰ ਸਿੰਘ ਗਿੱਲ, ਪ੍ਰਿੰਸੀਪਲ ਸੁਖਚਰਨਜੀਤ ਕੌਰ ਗਿੱਲ, ਪ੍ਰੋ. ਪਰਮਜੀਤ ਸਿੰਘ ਯਾਰਕ ਯੂਨੀਵਰਸਿਟੀ, ਡਾ. ਦਲਬੀਰ ਸਿੰਘ ਕਥੂਰੀਆ, ਹਰਜੀਤ ਸਿੰਘ ਗਿੱਲ, ਰੰਗ-ਕਰਮੀ ਸੀਰਤਪਾਲ ਕੌਰ, ਭੁਪਿੰਦਰ ਸਿੰਘ ਧਾਲੀਵਾਲ, ਡਾ. ਕੰਵਲਜੀਤ ਕੌਰ ਢਿੱਲੋਂ, ਰਮਿੰਦਰ ਰੰਮੀ, ਕੁਮਾਰੀ ਨਿਰਮਲਾ ਫਿਲੌਰ, ਬਲਦੇਵ ਸਿੰਘ ਬਰਾੜ ਤੇ ਕਈ ਹੋਰ ਸ਼ਾਮਲ ਸਨ, ਜਦਕਿ ਜੰਗ ਸਿੰਘ ਪਨਾਗ, ਗੁਰਮੀਤ ਪਨਾਗ, ਸਰਬਜੀਤ ਕਾਹਲੋਂ, ਕੁਮਾਰੀ ਅਨੂੰ ਫਿਲੌਰ ਨੇ ਪ੍ਰਬੰਧਕੀ ਕਾਰਜਾਂ ਵਿਚ ਹਿੱਸਾ ਪਾਇਆ। ਇਸ ਦੌਰਾਨ ਮਾਡਰੇਟਰ ਦੀ ਅਹਿਮ ਭੂਮਿਕਾ ਲਵੀਨ ਗਿੱਲ ਵੱਲੋਂ ਬਾਖ਼ੂਬੀ ਨਿਭਾਈ ਗਈ ਅਤੇ ਸੈਮੀਨਾਰ ਦੇ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਸੁਰਜੀਤ ਕੌਰ ਵੱਲੋਂ ਕੀਤਾ ਗਿਆ। ਸੈਮੀਨਾਰ ਦੇ ਆਯੋਜਨ ਲਈ 'ਵਿਸ਼ਵ ਪੰਜਾਬੀ ਭਵਨ' ਦੇਣ ਲਈ ਉਨ੍ਹਾਂ ਡਾ. ਦਲਬੀਰ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਪੈਨਾਹਿਲ ਸੀਨੀਅਰਜ਼ ਕਲੱਬ ਦਾ ਫੈਮਿਲੀ ਫੰਨ ਮੇਲਾ ਅਤੇ ਕਨੇਡਾ ਦਿਵਸ

(ਬਰੈਂਪਟਨ/ਬਾਸੀ ਹਰਚੰਦ) ਪੈਨਾਹਿਲ ਸੀਨੀਅਰਜ਼ ਕਲੱਬ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਜੰਜੂਆ ਨੇ ਦਸਿਆ ਕਿ ਕਲੱਬ ਵੱਲੋਂ ਫੈਮਿਲੀ ਫੰਕਸ਼ਨ ਅਤੇ ਕਨੇਡਾ ਦਿਵਸ 18 ਅਗਸਤ ਦਿਨ ਐਤਵਾਰ ਨੂੰ ਲਾਅਸਨ ਪਾਰਕ ਵਿਖੇ 11-30 ਤੋਂ 6-00 ਤੱਕ ਧੂਮ ਧਾਮ ਨਾਲ ਮਨਾਇਆ ਜਾਏਗਾ। ਲਾਅਸਨ ਪਾਰਕ (ਪੇਨਾਹਿਲ ਡਰਾਈਵ ਅਤੇ ਸਟਰੈਥ ਡੇਲ) ਦੇ ਇੰਟਰ ਸੈਕਸ਼ਨ ਤੇ ਸਥਿਤ ਹੈ। ਇਸ ਸਮੇਂ ਪਹਿਲਾਂ ਕਨੇਡਾ ਅਤੇ ਭਾਰਤ ਦੇ ਝੰਡੇ ਮਾਣਯੋਗ ਸਖਸ਼ੀਅਤਾ ਦੁਆਰਾ ਲਹਿਰਾਏ ਜਾਣਗੇ। ਕੌਮੀ ਗੀਤ ਹੋਣਗੇ। ਉਸ ਤੋਂ ਬਾਅਦ ਫੈਡਰਲ, ਪਰੋਵਿੰਸ ,ਸਿਟੀ ਦੇ ਨੁਮਾਇੰਦੇ ਪਬਲਿਕ ਨੂੰ ਅਡਰੇਸ ਕਰਨਗੇ ਨਵੀਆਂ ਜਾਣਕਾਰੀਆਂ ਦੇਣਗੇ। ਇਸ ਦੇ ਨਾਲ ਦੀ ਨਾਲ ਗੀਤ ਕਵਿਤਾਵਾਂ ਹੋਣਗੇ। ਸੀਨੀਅਰ ਕਲੱਬਾਂ ਦੇ ਨੁਮਾਇੰਦੇ ਵੀ ਅਡਰੈਸ ਕਰਨਗੇ। ਇਸ ਸਾਰੇ ਕੁੱਝ ਲਈ ਯੋਗ ਤਿਆਰੀ ਕੀਤੀ ਗਈ ਹੈ । ਬੱਚਿਆਂ ,ਬੀਬੀਆਂ, ਪੁਰਸ਼ਾਂ ਦੇ ਖੇਡ ਮੁਕਾਬਲੇ ਹੋਣਗੇ। ਗਿੱਧਾ ,ਭੰਗੜਾ ਅਤੇ ਸੰਗੀਤ ਵੀ ਹੋਵੇਗਾ। ਸ਼ਾਮ ਨੂੰ ਬੀਬੀਆਂ ਦੀਆਂ ਤੀਆਂ ਦਾ ਰੰਗਾ ਰੰਗ ਪ੍ਰੋਗਰਾਮ ਵੀ ਹੋਵੇਗਾ। ਖਾਣ ਪੀਣ ਦਾ ਤ੍ਰਾਂ ਤਰ੍ਹਾਂ ਦਾ ਸੁਆਦਲਾ ਰੰਗ ਹੋਵੇਗਾ। ਆਉ ਸਾਰੇ ਰਲ ਮਿਲ ਕੇ ਅਨੰਦ ਮਾਣੀਏ। ਤੁਹਾਡੇ ਲਈ ਵਧੀਆ ਪ੍ਰੋਗਰਾਮ ਦਾ ਪਰਬੰਧ ਕੀਤਾ ਹੈ।

ਬੇਨਤੀ ਕਰਤਾ : ਸਮੂਹ ਵਰਕਿੰਗ ਕਮੇਟੀ ਪੈਨਾਹਿਲ ਸੀਨੀਅਰਜ਼ ਕਲੱਬ ਬਰੈਂਪਟਨ

ਹੋਰ ਜਾਣਕਾਰੀ ਲਈ ਇਹਨਾਂ ਨੰਬਰਾਂ ਅਵਤਾਰ ਸਿੰਘ ਪੁਰੇਵਾਲ ਮੀਤ ਪ੍ਰਧਾਨ (437-776-5855) ਕੁਲਵੰਤ ਸਿੰਘ ਜੰਜੂਆ ਸਕੱਤਰ (647-765-2451), ਬਲਦੇਵ ਕ੍ਰਿਸ਼ਨ ਸਹਾਇਕ ਸਕੱਤਰ (416-569-8704), ਸੁਖਦੇਵ ਸਿੰਘ ਮਾਨ (437-990-7513), ਅਵਿਨਾਸ਼ ਸ਼ਰਮਾ (647-770-1726) 'ਤੇ ਸੰਪਰਕ ਕਰ ਸਕਦੇ ਹਨ।

## ਪੰਜਾਬੀ ਸੱਭਿਆਚਾਰ ਮੰਚ ਨੇ ਸ਼ਹੀਦ ਊਧਮ ਸਿੰਘ ਦਾ ਸ਼ਹਿਦੀ ਦਿਵਸ ਮਨਾਇਆ

ਬਰੈਂਪਟਨ/ ਬਾਸੀ ਹਰਚੰਦ ) ਭਾਰਤ ਦੀ ਅਜ਼ਾਦੀ ਅੰਦੋਲਨ ਦੇ ਮਹਾਨ ਸ਼ਹੀਦਾਂ ਦੀ ਪਹਿਲੀ ਕਤਾਰ ਦੇ ਸ਼ਹੀਦ ਸਰਦਾਰ ਉਧਮ ਸਿੰਘ ਦਾ ਸ਼ਹੀਦੀ ਦਿਵਸ ਕਲੀਵ ਵਿਊ ਸੀਨੀਅਰਜ਼ ਕਲੱਬ ਦੇ ਸਹਿਯੋਗ ਨਾਲ ਪੰਜਬੀ ਸੱਭਿਆਚਾਰ ਮੰਚ ਨੇ ਬੜੀ ਸ਼ਰਧਾ ਨਾਲ ਮਨਾਇਆ। ਯਾਦ ਰਹੇ ਕਿ ਇਸ ਮਹਾਨ ਯੋਧੇ ਨੇ ਜਲਿਆਂਵਾਲੇ ਬਾਗ ਦੇ ਬੇਦਰਦੀ ਨਾਲ ,ਤੇਰਾਂ ਅਪਰੈਲ 1919 ਨੂੰ ਬੇਦੋਸ਼ੇ ਭਾਰਤੀਆਂ ਦੇ ਕੀਤੇ ਕਤਲੇਆਮ ਦੇ ਰੋਸ ਵਿੱਚ ਜੁੰਮੇਵਾਰ ਗਵਰਨਰ ਜਰਨਲ ਮਾਈਕਲ ਓਡਵਾਇਰ ਨੂੰ ਲੰਡਨ ਜਾ ਕੇ ਭਰੀ ਸਭਾ ਵਿੱਚ ਗੋਲੀ ਮਾਰ ਕੇ ਭਾਰਤੀਆਂ ਦੇ ਕਤਲੇਆਮ ਦਾ ਬਦਲਾ ਲਿਆ ਸੀ। ਉਸ ਨੂੰ ਇਕੱਤੀ ਜੁਲਾਈ 1940 ਨੂੰ ਅੰਗਰੇਜ ਹਕੂਮਤ ਵੱਲੋਂ ਫਾਸੀ ਦੇ ਦਿਤੀ ਗਈ ਸੀ। ਕੌਮਾਂ ਦੇ ਸਰਮਾਏ ਉਸ ਮਹਨ ਯੋਧੇ ਦੀ ਕੁਰਬਾਨੀ ਨੂੰ ਯਾਦ ਰੱਖਣਾ ਕੌਮ ਵਾਸੀਆਂ ਦਾ ਅਤਿ ਪਵਿੱਤਰ ਫਰਜ਼ ਬਣਦਾ ਹੈ। ਇਸ ਫਰਜ਼ ਨੂੰ ਨਿਭਉਣ ਲਈ ਪੰਜਾਬੀ ਸੱਭਿਆਚਾਰ ਮੰਚ ਦੇ ਸੱਦੇ ਤੇ ਕਲੀਵ ਵਿਊ ਪਾਰਕ ਵਿਖੇ ਵੱਡੀ ਗਿਣਤੀ ਵਿੱਚ ਲੋਕ ਇਕੱਤਰ ਹੋਏ। ਕਾ : ਜਗਜੀਤ ਸਿੰਘ ਜੋਗਾ ਨੇ ਸ਼ਹੀਦ ਦੀ ਕੁਰਬਾਨੀ ਦੇ ਪਿਛੋਕੜ ਵਿੱਚ



ਜਾਂਦਿਆਂ ਅੱਜ ਦੇ ਅਜੋਕੇ ਹਾਲਤਾ ਦਾ ਵਿਸਲੇਸ਼ਨਾਤਮਕ ਢੰਗ ਨਾਲ ਵਿਖਿਆਨ ਕੀਤਾ। ਮੰਚ ਦੇ ਪਰਧਾਨ ਬਲਦੇਵ ਸਿੰਘ ਸਹਿਦੇਵਨੇ ਉਸ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਵਿਸਥਾਰ ਵਿੱਚ ਜੀਵਨ ਘਟਨਾਵਾਂ ਦਾ ਜਨਮ ਤੋਂ ਫਾਂਸੀ ਦੇ ਫੰਦੇ ਤੱਕ ਦਾ ਜਿਕਰ ਕੀਤਾ। ਪੰਜਾਬੀ ਦੇ ਪਰਸਿਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਬੜੇ ਰੌਚਕ ਢੰਗ ਨਾਲ ਉਸ ਦੇ ਜੀਵਨ ਦੇ ਉਦੇਸ਼,ਅਤੇ ਸਿਰਫ ਪੰਜਾਬ ਦਾ ਹੀ ਨਹੀਂ ਸਗੋਂ ਪੂਰੇ ਭਾਰਤ ਦੇਸ ਦਾ ਸੂਰਬੀਰ ਸ਼ਹੀਦ ਹੋਣ ਦਾ ਵਿਸਥਾਰ ਵਿੱਚ ਪ੍ਰਮਾਣ ਦਿੱਤਾ। ਇਸ ਇਕੱਠ ਨੂੰ ਪੰਜਾਬ ਤੋਂ ਵਿਜ਼ਟਰ ਆਏ ਆਗੂ ਬਲਕਾਰ ਸਿੰਘ ਵਲਟੋਹਾ, ਹਰਚੰਦ ਸਿੰਘ ਬਾਸੀ ਨੇ ਵੀ ਸੰਬੋਧਨ ਕੀਤਾ। ਹਰੀ ਸਿੰਘ ਨੇ ਕਵਿਤਾ ਪੜ੍ਹੀ। ਕਾ•ਸੁਖਦੇਵ ਸਿੰਘ ਧਾਲੀਵਾਲ ਅਤੇ ਹਰਚੰਦ ਸਿੰਘ ਬਾਸੀ ਨੇ ਸਟੇਜ ਸਕੱਤਰ ਦੀ ਜੁੰਮੇਵਾਰੀ ਨਿਭਾਈ ਕਲੀਵ ਵਿਊ ਕਲੱਬ ਵੱਲੋਂ ਚਾਹ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਪੰਜਾਬੀ ਸੱਭੀਆਚਾਰ ਮੰਚ ਦੇ ਪ੍ਰਧਾਨ ਵੱਲੋਂ ਕਲਿਵ ਵਿਊ ਸੀਨੀਅਰਜ਼ ਕਲੱਬ ਦਾ ਸਹਿਯੋਗ ਕਰਨ ਲਈ ਧੰਨਵਾਦ ਕੀਤਾ ਗਿਆ।

## ਇਟਲੀ 'ਚ ਬੱਚੇ ਨੂੰ ਬਚਾਉਣ ਗਏ ਨੌਜਵਾਨ ਦੀ ਪਾਣੀ ਵਿੱਚ ਡੁੱਬਣ ਕਾਰਨ ਹੋਈ ਮੌਤ

ਵਿਦੇਸ਼ਾਂ ਵਿੱਚ ਭਾਰਤੀਆਂ ਦੀਆ ਹਾਦਸੇ ਦੌਰਾਨ ਮੌਤ ਹੋ ਜਾਣ ਦੀਆ ਖਬਰਾਂ ਸਾਹਮਣੇ ਆਉਂਦੀਆ ਹਨ। ਇਸੇ ਤਰਾਂ ਦਾ ਘਟਨਾ ਵਿੱਚ ਇਟਲੀ ਵੱਸਦੇ ਹਰਿਆਣਾ ਦੇ ਨੌਜਵਾਨ ਤਰਨਦੀਪ ਸਿੰਘ ਦੀ ਜਾਨ ਚਲੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਮੁਤਾਬਿਕ ਨੌਜਵਾਨ ਤਰਨਦੀਪ ਜੋ ਕਿ ਆਪਣੇ ਦੋਸਤਾਂ ਨਾਲ ਰੀਵਾ ਦੇਲ ਗਾਰਦਾ ਵਿਖੇ ਘੁੰਮਣ ਗਿਆ ਸੀ, ਉੱਥੇ ਪਾਣੀ ਵਿੱਚ ਡੁੱਬ ਰਹੇ ਜਰਮਨੀ ਮੂਲ ਦੇ ਬੱਚੇ ਨੂੰ ਬਚਾਉਂਦਿਆ ਹਾਦਸੇ ਵਿੱਚ ਆਪਣੀ ਜਾਨ ਗੁਆ ਬੈਠਾ। ਉਸ ਦੇ ਸਾਥੀ ਨੌਜਵਾਨ ਹਰਮਨ ਨੇ ਭਰੇ ਮਨ ਨਾਲ ਜਾਣਕਾਰੀ ਦਿੰਦਿਆ ਦੱਸਿਆ ਕਿ ਸੋਮਵਾਰ ਨੂੰ ਪੰਜ ਦੋਸਤ ਰੀਵਾ ਦੇਲ ਗਾਰਦਾ ਝੀਲ 'ਤੇ ਘੁੰਮਣ ਗਏ ਸਨ। ਸ਼ਾਮ ਨੂੰ ਤਕਰੀਬਨ 5 ਵਜੇ ਇੱਕ ਜਰਮਨੀ ਮੂਲ ਦੇ ਬੱਚੇ ਨੂੰ ਡੁੱਬਣ ਤੋਂ ਬਚਾਉਣ ਲਈ ਝੀਲ ਵਿੱਚ ਗਿਆ। ਬੱਚੇ ਨੂੰ ਬਚਾਉਂਦਿਆ ਆਪ ਝੀਲ ਵਿੱਚ ਡੁੱਬ ਗਿਆ। ਮੌਕੇ 'ਤੇ ਪਹੁੰਚੀ ਪ੍ਰਸ਼ਾਸ਼ਨ ਦੀ ਟੀਮ ਨੇ ਤਰਨਦੀਪ ਸਿੰਘ ਨੂੰ ਬਾਹਰ ਕੱਢਿਆ, ਜਿੱਥੇ ਉਹ ਮ੍ਰਿਤਕ ਪਾਇਆ ਗਿਆ। ਇਹ ਵੀ ਜਾਣਕਾਰੀ ਮਿਲੀ ਕਿ ਤਰਨਦੀਪ ਜਿਸ ਬੱਚੇ ਨੂੰ ਬਚਾਉਣ ਲਈ ਝੀਲ਼ ਵਿੱਚ ਗਿਆ ਸੀ, ਉਸ ਨੂੰ ਪਹਿਲਾ ਬਚਾਅ ਲਿਆ ਗਿਆ ਸੀ।



# ਇੰਟਰਫੇਥ ਸਦਭਾਵਨਾ ਅਤੇ ਸ਼ਾਂਤੀ ਲਈ ਕੀਤੀ ਗਈ ਵਿਲੱਖਣ ਇਵੈਂਟ



ਜੀਟੀਏ ਵਿਚ ਵੱਖ-ਵੱਖ ਵਿਸ਼ਵਾਸ਼ਾਂ ਵਾਲੇ ਭਾਈਚਾਰਿਆਂ ਵਿਚਕਾਰ ਆਪਸੀ ਸਮਝਦਾਰੀ ਅਤੇ ਸ਼ਾਂਤੀ ਨੂੰ ਪ੍ਰਮੋਟ ਕਰਨ ਲਈ ਇਕ ਇਵੈਂਟ ਬੀਤੇ ਦਿਨੀਂ ਬਰੈਂਪਟਨ ਦੇ ਬੰਬੇ ਪੈਲੇਸ ਬੈਂਕਟ ਹਾਲ ਵਿਚ ਕੀਤਾ ਗਿਆ। ਇਸ ਇਵੈਂਟ ਨੂੰ 'ਇੰਟਰਫੇਥ ਇਨਸਾਈਟਸ—ਬਿਲਡਿੰਗ ਬ੍ਰਿਜਜ਼ ਆਫ ਹਿਉਮੈਨਟੀ' ਨਾਂ ਦਿੱਤਾ ਗਿਆ ਸੀ। ਕੈਨੇਡਾ ਵਿਚ ਇਸ ਤਰਾਂ ਦੀ ਇਹ ਪਹਿਲੀ ਇਵੈਂਟ ਸੀ, ਜਿਸ ਦਾ ਮਕਸਦ ਵੱਖ ਵੱਖ ਧਾਰਮਿਕ ਗਰੁੱਪਾਂ ਵਿਚ ਸ਼ਾਂਤੀ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ। ਇਵੈਂਟ 30 ਜੁਲਾਈ ਵਾਲੇ ਦਿਨ ਦਿਨੇ 3:30 ਤੋਂ ਸ਼ਾਮ ਦੇ 6 ਵਜੇ ਤੱਕ ਹੋਈ। ਇਵੈਂਟ ਦੌਰਾਨ ਸਭ ਤੋਂ ਪਹਿਲਾਂ ਛੇ ਵੱਖ ਵੱਖ ਪਿਛੋਕੜਾਂ ਤੋਂ ਆਏ ਛੇ ਸੰਗੀਤਕਾਰਾਂ ਨੇ ਇੰਡੀਅਨ ਕਲਾਸੀਕਲ ਮਿਉਜ਼ਿਕ ਸਾਜ਼ਾਂ ਨਾਲ ਬਹੁਤ ਹੀ ਯਾਦਗਾਰੀ ਪੇਸ਼ਕਾਰੀ ਕੀਤੀ। ਇਨ੍ਹਾਂ ਦੁਆਰਾ ਵਰਤੇ ਗਏ ਸਾਜ਼ ਪੂਰਬੀ ਅਤੇ ਪੱਛਮੀ ਸਾਜ਼ਾਂ ਦਾ ਸੰਗਮ ਸੀ, ਜਿਨ੍ਹਾਂ ਵਿਚ ਸਾਰੰਗੀ, ਸੈਕਸੋਫੋਨ, ਸੰਤੂਰ, ਤਬਲਾ, ਸੈੱਲੋ ਅਤੇ ਕੀਬੋਰਡ ਸ਼ਾਮਲ ਸਨ। ਕਿਵੇਂ ਵੱਖ ਵੱਖ ਸਾਜ਼ ਮਿਲਕੇ ਇਕ ਨਵੀਂ ਸੁਰ ਪੈਦਾ ਕਰ ਸਕਦੇ ਹਨ, ਇਹ ਪੇਸ਼ਕਾਰੀ ਉਸ ਗੱਲ ਨੂੰ ਦਰਸਾ ਰਹੀ ਸੀ। ਇਸ ਤੋਂ ਬਾਦ ਵੱਖ ਵੱਖ ਧਾਰਮਿਕ ਪਿਛੋਕੜਾਂ ਵਾਲੇ ਧਾਰਮਿਕ ਲੀਡਰਜ਼ ਨੇ ਅੱਜ ਦੇ ਯੁਗ ਵਿਚ ਸ਼ਾਂਤੀ ਅਤੇ ਸਦਭਾਵਨਾ ਪ੍ਰਮੋਟ ਕਰਨ ਲਈ ਆਪਣੇ ਵਿਚਾਰ ਪੇਸ਼ ਕੀਤੇ। ਇਨ੍ਹਾਂ ਵਿਚ ਕ੍ਰਿਸ਼ਚੈਨਿਟੀ, ਇਸਲਾਮ, ਹਿੰਦੂ ਮਤ, ਸਿਖ ਮਤ ਅਤੇ ਬੁਧ ਮੱਤ ਦੇ ਲੀਡਰਜ਼ ਸ਼ਾਮਲ ਸਨ। ਮੁਖ ਵਿਸ਼ਾ ਮਾਨਵਤਾ ਨੂੰ ਇਕ ਸਾਂਝੀ ਸੱਤਾ ਵੱਜੋਂ ਪੇਸ਼ ਕਰਨਾ ਸੀ, ਜਿਸ ਵਿਚ ਜ਼ੋਰ ਮਤਭੇਦਾਂ ਦੀ ਬਜਾਏ ਏਕਤਾ ਤੇ ਦਿੱਤਾ ਗਿਆ। ਨਾਮਧਾਰੀ ਸਿੱਖ ਸੰਗਤ ਦੇ ਰੂਹਾਨੀ ਮੁਖੀ ਸਤਗੁਰੂ ਉਦੈ ਸਿੰਘ ਜੀ ਨੇ ਆਪਣੀ ਸਪੀਚ ਵਿਚ ਕਿਹਾ, " ਜੇ ਮੇਰੇ ਘਰ ਨੂੰ ਅੱਗ ਲੱਗੀ ਹੋਵੇ ਅਤੇ ਕੋਈ ਬਾਲਟੀ ਲੈ ਕੇ ਬੁਝਾਉਣ ਆਏ ਤਾਂ ਮੈਂ ਉਸ ਨੂੰ ਰੋਕਾਂਗਾ ਨਹੀਂ ਅਤੇ ਉਸਦਾ ਧਰਮ ਨਹੀਂ ਪੁੱਛਾਂਗਾ। ਉਨ੍ਹਾਂ ਤੋਂ ਇਲਾਵਾ ਅਹਿਮਦੀਆ ਮੁਸਲਮ ਜਮਾਤ ਔਫ ਕੈਨੇਡਾ ਦੇ ਇਮਾਮ ਨਾਸੀਮ ਬੱਟ, ਬਪਸ ਕੈਨੇਡਾ ਦੇ ਮੁਖੀ ਸਵਾਮੀ ਸਾਧੂ ਗੁਨਸਾਗਰਦਾਸ ਸਵਾਮੀ, ਨਿਰਮਲਾ ਮਹਾਮੰਡਲ ਦੇ ਸੰਤ ਯਾਦਵਿੰਦਰ ਸਿੰਘ, ਮਹਾਮੇਵਨਾਮਾ ਬੁਧਿਸਟ ਮੋਨੈਸਟਰੀ ਦੇ ਚੀਫ ਮੰਕ ਭਾਂਟੇ ਜੀਵਾਂਦਾ, ਹਰੇ ਕ੍ਰਿਸ਼ਨਾ ਟੈਂਪਲ ਦੇ ਵੱਲਭ ਹਰੀ ਦਾਸ, ਯੂਨੀਵਰਸਿਟੀ ਔਫ ਟੋਰਾਂਟੋ ਵਿਚ ਰਿਲੀਜਸ ਸਟੱਡੀ ਦੇ ਪ੍ਰੋਫੈਸਰ ਜੋਸੇਫ ਚੰਦਰਾਕਾਂਤਨ, ਹਿੰਦੂ ਮਹਾਂਸਭਾ ਮੰਦਰ ਦੇ ਚੇਅਰਪਰਸਨ ਰਾਕੇਸ਼ ਗੋਇਨਕਾ, ਅਤੇ ਇੰਡੀਆ ਦੇ ਕੌਂਸਲੇਟ ਜਰਨਲ ਤੋਂ ਕੌਂਸਲ ਅਰੁਨ ਕੁਮਾਰ ਨੇ ਵੀ ਆਪਣੇ ਖਿਆਲ ਪੇਸ਼ ਕੀਤੇ। ਪ੍ਰਬੰਧਕੀ ਕਮੇਟੀ ਦੇ ਚੇਅਰ ਹਰਦਿਆਲ ਕੱਲ੍ਹਾ ਨੇ ਕਿਹਾ ਕਿ ਸ਼ਾਂਤੀ ਅਤੇ ਸਦਭਾਵਨ ਸਿਰਫ ਆਪਣੀ ਸਮਝਦਾਰੀ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਹ ਇਵੈਂਟ ਇਸ ਗੱਲ ਦੀ ਗਵਾਹ ਹੈ ਕਿ ਅਸੀਂ ਇਕ ਸਰਬਸਾਂਝਾ ਸਮਾਜ ਬਣਾਉਣ ਲਈ ਵਚਨਬੱਧ ਹਾਂ। ਇਵੈਂਟ ਦਾ ਪ੍ਰਬੰਧ ਨਾਮਧਾਰੀ ਸਿੱਖ ਸੰਗਤ ਕੈਨੇਡਾ ਦੁਆਰਾ ਕੀਤਾ ਗਿਆ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY




100% NATURAL PRODUCT
PRODUCT OF CANADA
HEART BRAIN LIVER KIDNEYS

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim

- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.



Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind

RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ



Salvage Inspection Station
Government Approved Licensed Body Shop



Jessie Srai
We Welcome ALL INSURANCE CLAIMS
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
MORTGAGE ALLIANCE
THE RIGHT BROKER™
THE RIGHT MORTGAGE®
- Save Money ...with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.

- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS



CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

ਪੰਜਾਬ ਸਟਾਰ
www.punjabstar.com

ਪੰਜਾਬ ਸਟਾਰ

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਮਸਲਾ-ਏ- ਸਮਾਜ

# ਕਾਸ਼ ! ਸੜਕਾਂ ਦੇ ਢਿੱਡ ਹੁੰਦੇ ?

ਸਿਆਣੇ ਆਖਦੇ ਹਨ ਕਿ -ਢਿੱਡ ਨੀਤ ਨਾਲ ਭਰਦਾ ਹੈ, ਖਾਣੇ ਪੀਣ ਨਾਲ ਨਹੀਂ। ਇਸ ਦੁਨੀਆਂ ਉੱਤੇ ਬਹੁਤ ਲੋਕ ਅਜਿਹੇ ਹਨ, ਜਿਹਨਾਂ ਦਾ ਨਾਂ ਕਦੇ ਢਿੱਡ ਭਰਿਆ ਤੇ ਨਾ ਘਰ। ਸਿਆਸੀ ਪਾਰਟੀਆਂ ਦੇ ਆਗੂਆਂ ਨੇ ਪੰਜ ਪੀੜ੍ਹੀਆਂ ਦੀਆਂ ਵਸਤੂਆਂ ਇਕੱਠੀਆਂ ਕਰ ਲਈਆਂ ਹਨ। ਉਹਨਾਂ ਦਾ ਅਜੇ ਵੀ ਢਿੱਡ ਨਹੀਂ ਭਰਿਆ। ਜ਼ਿੰਦਗੀ ਦੇ ਵਿੱਚ ਬੰਦਾ ਖਾਲ਼ੀ ਹੱਥ ਆਇਆ ਹੈ ਤੇ ਗੁਨਾਹ ਲੈਣ ਕੇ ਵਾਪਸ ਜਾਂਦਾ ਹੈ। ਧਰਤੀ ਉੱਤੇ ਅੱਸੀ ਪ੍ਰਤੀਸ਼ਤ ਲੋਕ ਆਟੇ ਦਾਲ ਲਈ ਜੱਦੋਜਹਿਦ ਕਰ ਰਹੇ ਹਨ। ਉਹਨਾਂ ਕੋਲ ਦੋ ਡੰਗ ਦੀ ਰੋਟੀ ਵੀ ਨਹੀਂ। ਉਹ ਧਰਤੀ ਉਤੇ ਆਉਂਦੇ ਹਨ ਤੇ ਰੀਂਗ ਦੇ ਰੀਂਗ ਦੇ ਮਰ ਜਾਂਦੇ ਹਨ। ਦੁਨੀਆਂ ਮੁਸਾਫ਼ਿਰ ਖ਼ਾਨਾ ਹੈ। ਕੋਈ ਆ ਰਿਹਾ ਤੇ ਕੋਈ ਜਾ ਰਿਹਾ ਹੈ।

ਤੁਰਦੇ ਰਹਿਣਾ ਖ਼ੂਬਸੂਰਤ ਜ਼ਿੰਦਗੀ ਦਾ ਨਾਂ ਹੈ। ਜ਼ਿੰਦਗੀ ਨੇ ਮੁੱਢ ਕਦੀਮੋਂ ਹੀ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਪਹਿਲਾਂ ਪਸ਼ੂਆਂ ਨਾਲ ਤੇ ਫਿਰ ਪਹੀਏ ਦੀ ਕਾਢ ਨਾਲ ਆਪਣਾ ਸਫਰ ਜਾਰੀ ਰੱਖਿਆ। ਇਹ ਹੁਣ ਸਫ਼ਰ ਏਨਾ ਤੇਜ ਤੇ ਸਹਿਜ ਹੋ ਗਿਆ ਹੈ। ਜਦੋਂ ਅਸੀਂ ਹਵਾਈ ਜਹਾਜ਼ ਜਾਂ ਰਾਕਟ ਵਿੱਚ ਬੈਠ ਕੇ ਅਤੀਤ ਵੱਲ ਵੇਖਦੇ ਹਾਂ ਤਾਂ ਇੰਝ ਲਗਦਾ ਹੈ ਕਿ ਜਿਵੇਂ ਪਹਿਲੀ ਜ਼ਿੰਦਗੀ ਤੁਰਦੀ ਨਹੀਂ ਸੀ, ਸਗੋਂ ਰੀਂਗਦੀ ਸੀ। ਸਫ਼ਰ ਕਰਨਾ ਬੜਾ ਹੀ ਦੁੱਖਾਂ ਭਰਿਆ ਹੁੰਦਾ ਸੀ, ਉਦੋਂ ਜੰਗਲੀ ਖ਼ੂੰਖਾਰ ਜਾਨਵਰਾਂ ਦਾ ਡਰ ਤਾਂ ਹਰ ਵੇਲੇ ਨਾਲ-ਨਾਲ ਤੁਰਦਾ ਸੀ, ਪਰ ਸਫਰ ਦੌਰਾਨ ਦੂਸਰਿਆਂ ਹੱਥੋਂ ਲੁੱਟੇ ਜਾਣ ਦਾ ਭੈਅ ਵੀ ਬਣਿਆ ਰਹਿੰਦਾ ਸੀ, ਪਰ ਸਫਰ ਜਾਰੀ ਸੀ।

ਜ਼ਿੰਦਗੀ ਨੇ ਇਹ ਮੁਸ਼ਕਿਲਾਂ ਭਰਿਆ ਸਫ਼ਰ ਸੁਖਾਵਾਂ ਬਨਾਉਣ ਲਈ ਵੱਖ ਵੱਖ ਤਰ੍ਹਾਂ ਦੇ ਸਾਧਨ ਈਜਾਦ ਕੀਤੇ । ਰਸਤੇ ਬਣਾਏ, ਮੋਟਰ ਗੱਡੀਆਂ ਬਣਾਈਆਂ, ਹਵਾਈ ਤੇ ਸਮੁੰਦਰੀ ਜਹਾਜ਼ ਬਣਾਏ, ਅੱਗੇ ਜਿੱਥੇ ਪਹਿਲਾਂ ਮਹੀਨੇ, ਸਾਲ ਇੱਕ ਥਾਂ ਤੋਂ ਦੂਜੀ ਥਾਂ ਉੱਤੇ ਜਾਣ ਲਈ ਲੱਗਦੇ ਸਨ, ਪਰ ਹੁਣ ਮਨੁੱਖ ਨੇ ਇਹ ਸਫ਼ਰ ਕੁੱਝ ਘੰਟਿਆਂ ਤੇ ਦਿਨਾਂ ਤੱਕ ਸੀਮਤ ਕਰ ਲਿਆ ਹੈ।

ਤੇਜ ਰਫਤਾਰ ਨਾਲ ਚੱਲਣ ਵਾਲੀਆਂ ਮੋਟਰ ਗੱਡੀਆਂ, ਰੇਲਾਂ, ਹਵਾਈ ਜਹਾਜ਼ ਬਣਾ ਲਏ ਹਨ। ਸੜਕਾਂ, ਰੇਲਵੇ ਲਾਈਨਾਂ, ਹਵਾਈ ਤੇ ਸਮੁੰਦਰੀ ਮਾਰਗ ਬਣਾ ਲਏ ਹਨ। ਜੇ ਕੁੱਝ ਬਣ ਨਹੀਂ ਸਕਿਆ ਤਾਂ ਉਹ ਮੌਤ ਦਾ ਬਦਲ ਨਹੀਂ ਬਣ ਸਕਿਆ। ਮਨੁੱਖ ਨੇ ਸਭ ਕੁੱਝ ਉੱਤੇ ਜਿੱਤ ਪਾ ਲਈ ਹੈ, ਪਰ 'ਮੌਤ' ਉੱਪਰ ਉਸ ਦੀ ਅਜੇ ਜਿੱਤ ਨਹੀਂ ਹੋਈ ਭਾਵੇਂ ਬਦਲ ਪ੍ਰਕਿਰਤੀ ਦਾ ਨਿਯਮ ਹੈ, ਸੰਸਾਰ ਦਾ ਸਫਰ ਜਾਰੀ ਹੈ, ਸੰਸਾਰ ਵਿੱਚ ਨਵੀਂ ਜ਼ਿੰਦਗੀ ਜਨਮ ਲੈ ਰਹੀ ਹੈ, ਲੋਕ ਜ਼ਿੰਦਗੀ ਜਿਉਂ ਵੀ ਰਹੇ ਹਨ ਤੇ ਲੋਕ ਮਰ ਵੀ ਰਹੇ ਹਨ। ਪ੍ਰਕਿਰਤੀ ਦੇ ਅਸੂਲ ਅਨੁਸਾਰ ਜਿਹੜਾ ਜਨਮਿਆ ਹੈ, ਉਸ ਨੇ ਇੱਕ ਦਿਨ ਮਰਨਾ ਹੈ। ਨਵੇਂ ਪੱਤਿਆਂ ਨੇ ਉਗਣਾ ਹੈ, ਪੁਰਾਣੇ ਪੱਤਿਆਂ ਨੇ ਝੜਨਾ ਹੈ। ਇਹ ਝੜਨਾ ਤੇ ਮਰਨਾ ਕਦੋਂ, ਕਿੱਥੇ ਤੇ ਕਿਵੇਂ ਹੈ, ਇਸ ਦਾ ਅਜੇ ਤੀਕ ਕੋਈ ਭੇਤ ਨਹੀਂ ਤੁਰੀ ਜਾਂਦੀ ਜ਼ਿੰਦਗੀ ਕਦੋਂ ਮੁੱਕ ਜਾਣੀ ਹੈ? ਇਸ ਦਾ ਕਿਸੇ ਨੂੰ ਕੋਈ ਗਿਆਨ ਨਹੀਂ ਭਾਵੇਂ ਮਨੁੱਖ ਆਪਣੀ ਜ਼ਿੰਦਗੀ ਨੂੰ ਸੁਰੱਖਿਅਤ ਰੱਖਣ ਲਈ ਬਹੁਤ ਕੁੱਝ ਬਣਾ ਲਿਆ ਹੈ। ਪਰ ਕਾਲ ਦਾ ਕੁੱਝ ਪਤਾ ਨਹੀਂ।

ਹੁਣ ਜਿਸ ਤਰ੍ਹਾਂ ਤੇਜ਼ ਰਫਤਾਰ ਜ਼ਿੰਦਗੀ ਦਾ ਦੌਰ ਜਾਰੀ ਹੈ, ਸਾਧਨ ਵੀ ਬਹੁਤ ਹਨ, ਪਰ ਅਜੇ ਤੱਕ ਸੜਕਾਂ ਦੇ ਪੇਟ ਦੀ ਤਲਾਸ਼ ਨਹੀਂ ਹੋਈ। ਭਾਵੇਂ ਸੜਕਾਂ ਕਦੇ ਵੀ ਖ਼ੂਨੀ ਜਾਂ ਜ਼ਿੰਦਗੀ ਨੂੰ ਨਿਗਲਣ ਲਈ ਨਹੀਂ ਹੁੰਦੀਆਂ ਪਰ ਸੜਕਾਂ ਉੱਤੇ ਮੌਤ ਦਾ ਜਿਹੜਾ ਤਾਂਡਵ ਅੱਜ ਕੱਲ੍ਹ ਸਿਖ਼ਰ ਵੱਲ ਵਧ ਰਿਹਾ ਹੈ, ਇਸ ਦਾ ਦੋਸ਼ ਅਸੀਂ ਸੜਕਾਂ ਨੂੰ ਦੇ ਕੇ ਆਪਣੇ ਆਪ ਨੂੰ ਬਰੀ ਨਹੀਂ ਕਰ ਸਕਦੇ।

ਅਸਲ ਵਿੱਚ ਇਸ ਸਭ ਕੁੱਝ ਦੇ ਦੋਸ਼ੀ ਅਸੀਂ ਹਾਂ ਤੇ ਇਸ ਦੀ ਸਜ਼ਾ ਵੀ ਅਸੀਂ ਹੀ ਭੁਗਤਦੇ ਹਾਂ, ਪਰ ਦੋਸ਼ ਅਸੀਂ ਸੜਕਾਂ ਨੂੰ ਦਿੰਦੇ ਹਾਂ। ਹਾਦਸੇ ਤਾਂ ਅਸਮਾਨ, ਸਮੁੰਦਰ ਵਿੱਚ ਹੀ ਨਹੀਂ ਘਰਾਂ, ਦਫਤਰਾਂ, ਫੈਕਟਰੀਆਂ, ਖੇਤਾਂ ਆਦਿ ਵਿੱਚ ਹੁੰਦੇ ਹਨ। ਇਨਾਂ ਹਾਦਸਿਆਂ ਦਾ ਕਸੂਰਵਾਰ ਮਨੁੱਖ ਹੁੰਦਾ ਹੈ ਨਾਂ ਕਿ ਉਹ ਥਾਂ ਜਿੱਥੇ ਕੋਈ ਹਾਦਸਾ ਵਾਪਰਦਾ ਹੈ।

ਹੁਣ ਭਾਵੇਂ ਅਸੀਂ ਤਕਨਾਲੋਜੀ ਦੇ ਦੌਰ ਵਿਚੋਂ ਲੰਘ ਰਹੇ ਹਾਂ, ਵਿਗਿਆਨ, ਮਨੋਵਿਗਿਆਨ ਦੇ ਰਾਂਹੀ ਅਸੀਂ ਮਨੁੱਖ ਦੀ ਅੰਦਰਲੀ ਦੁਨੀਆਂ ਨੂੰ ਸਮਝ ਸਕਦੇ ਹਾਂ, ਪਰ ਅਸੀਂ ਅਜੇ ਵੀ ਉਨ੍ਹਾਂ ਰੂੜੀਵਾਦੀ ਸੋਚਾਂ ਦੇ ਪਿੱਛੇ ਲੱਗੇ ਹਾਂ, ਜਿਹੜੀਆਂ ਸਾਨੂੰ ਮਾਨਸਿਕ ਸਕੂਨ ਨਹੀਂ ਸਗੋਂ ਦੁੱਖ ਤਕਲੀਫਾਂ ਦਿੰਦੀਆਂ ਹਨ।

ਮਨੁੱਖ ਦੀ ਹੋਂਦ ਤੋਂ ਬਾਅਦ ਇੰਨੇ ਧਾਰਮਿਕ ਅਸਥਾਨ ਨਹੀਂ ਸੀ ਬਣੇ, ਜਿੰਨੇ ਇਸ ਸਦੀ ਵਿੱਚ ਬਣ ਗਏ ਹਨ। ਅਸੀਂ ਧਰਮ ਦੇ ਅਰਥ ਭੁੱਲ ਕੇ ਸੋਚਣ ਸਮਝਣ ਤੇ ਤਰਕ ਦੀ ਕਸਵੱਟੀ ਵਰਤਣ ਦੀ ਬਜਾਏ, ਮੱਥੇ ਰਗੜਨ, ਡੰਡੋਤਾਂ ਕਰਨ, ਝੜਾਵੇ ਚੜ੍ਹਾਉਣ ਤੱਕ ਹੀ ਸੀਮਤ ਹੋ ਗਏ, ਇਸੇ ਕਰਕੇ ਜਿੰਨੇ ਵੀ ਹਾਦਸੇ ਹੁੰਦੇ ਹਨ, ਉਨ੍ਹਾਂ ਵਿੱਚ ਧਰਮ ਦੀ ਆਸਥਾ ਵਧੇਰੇ ਭਾਰੂ ਹੁੰਦੀ ਹੈ।




ਅਸੀਂ ਧਰਮੀਂ ਨਹੀਂ ਬਣਦੇ, ਸਗੋਂ ਧਾਰਮਿਕ ਬਣ ਕੇ ਧਰਮ ਦੀ ਆੜ ਵਿੱਚ ਮਨੁੱਖ ਦੀ ਭਾਵਨਾਵਾਂ ਤੇ ਜਮੀਨ ਜਾਇਦਾਦ ਲੁੱਟਣ ਲੱਗ ਪਏ ਹਾਂ। ਜਿਹੜੇ ਧਰਮਕਾਂਡਾ ਵਿੱਚੋਂ ਸਾਡੇ ਪੁਰਖਿਆਂ ਨੇ ਕੱਢਣ ਦੀ ਕੋਸ਼ਿਸ਼ ਕੀਤੀ ਸੀ। ਆਪਣੇ ਜ਼ਿੰਦਗੀ ਦੇ ਤਜਰਬਿਆਂ ਨੂੰ ਲਿਖਤਾਂ ਦੇ ਰਾਂਹੀ ਸਾਡੇ ਤੱਕ ਪੁਜਦਾ ਕੀਤਾ ਸੀ। ਅੱਜ ਅਸੀਂ ਉਹ ਸਭ ਕੁੱਝ ਭੁੱਲ ਗਏ ਹਾਂ। ਅਸੀਂ ਉਨ੍ਹਾਂ ਲਿਖਤਾਂ ਨੂੰ ਪੜ੍ਹ ਦੇ ਹਾਂ, ਪਰ ਅਮਲ ਨਹੀਂ ਕਰਦੇ । ਇਸੇ ਕਰਕੇ ਅਣ ਆਈ ਮੌਤ ਮਰਦੇ ਹਾਂ।

ਅਸੀਂ ਗਿਆਨ ਤੇ ਵਿਗਿਆਨ ਦੇ ਉਨਾਂ ਭੰਡਾਰਾਂ ਨੂੰ ਖ਼ੂਬਸੂਰਤ ਵਸਤਰਾਂ ਵਿੱਚ ਲਪੇਟ ਰੱਖ ਲਿਆ ਹੈ। ਪੱਥਰ ਯੁੱਗ ਦੇ ਵਿੱਚ ਪੁੱਜ ਕੇ ਅਸੀਂ ਉਸ ਦੀ ਪੂਜਾ ਸ਼ੁਰੂ ਕਰ ਦਿੱਤੀ ਹੈ। ਇਸ ਪੂਜਾ ਨੇ ਸਾਡੀ ਸੋਚ ਐਨੀ ਖੁੰਡੀ ਕਰ ਦਿੱਤੀ ਹੈ ਕਿ ਅਸੀਂ ਕਿਸੇ ਸਰੀਰਿਕ ਦੁੱਖ ਦੇ ਛੁਟਕਾਰੇ ਲਈ ਡਾਕਟਰ, ਮਨੋਵਿਗਿਆਨ ਦੇ ਕੋਲ ਜਾਣ ਦੀ ਬਜਾਏ , ਉਨਾਂ ਦੇਹਧਾਰੀ ਸਾਧਾਂ ਦੇ ਕੋਲ ਜਾਂਦੇ ਹਾਂ, ਜਿਹੜੇ ਸਾਨੂੰ ਦੁੱਖਾਂ ਵਿਚੋਂ ਕੱਢਣ ਦੀ ਬਜਾਏ ਅਜਿਹੇ ਵਹਿਮਾਂ-ਭਰਮਾਂ ਵਿੱਚ ਫਸਾ ਦਿੰਦੇ ਹਨ ਕਿ ਅਸੀਂ ਉਨ੍ਹਾਂ ਦੀ ਪ੍ਰਕਰਮਾ ਹੀ ਨਹੀਂ ਕਰਦੇ ਸਗੋਂ ਆਪਣਾ ਸਮਾਂ, ਧਨ, ਤਨ ਸਭ ਕੁੱਝ ਉਨ੍ਹਾਂ ਨੂੰ ਭੇਂਟ ਕਰ ਦਿੰਦੇ ਹਾਂ।

ਹੁਣ ਅਸੀਂ ਸਿੱਧੇ ਰਸਤੇ ਦੀ ਬਜਾਏ, ਟੇਡੇ ਰਸਤਿਆਂ ਨੂੰ ਪਹਿਲ ਦੇਣ ਲੱਗ ਪਏ ਹਾਂ, ਇਸ ਅੰਨ੍ਹੀ ਦੌੜ ਵਿੱਚ ਅਸੀਂ ਕਿੰਨੇ ਹਾਦਸੇ ਕਰ ਰਹੇ ਹਾਂ, ਜਿਨਾਂ ਦੇ ਬਾਰੇ ਸਾਨੂੰ ਗਿਆਨ ਵੀ ਹੁੰਦਾ ਹੈ, ਪਰ ਅਸੀਂ ਇੱਕ ਥਾਂ ਤੋਂ ਦੂਜੀ ਥਾਂ ਉੱਤੇ ਜਾਣ ਲਈ ਉਨਾਂ ਰਸਤਿਆਂ ਨੂੰ ਵਰਤਦੇ ਹਾਂ, ਜਿਹੜੇ ਰਸਤਿਆਂ ਉੱਤੇ ਜਿੱਥੇ ਸਾਡੇ ਸਮਾਜਕ ਰਿਸ਼ਤਿਆਂ ਤੇ ਜ਼ਿੰਦਗੀ ਦੀ ਮੌਤ ਵੀ ਹੁੰਦੀ ਹੈ, ਜੇ ਉਹ ਮੌਤ ਨੂੰ ਝਕਾਨੀ ਦੇ ਕੇ ਲੰਘ ਗਏ ਤਾਂ ਉਹ ਆਪਣੇ ਕੀਤੇ ਕਰਮ ਦੀ ਸਜ਼ਾ ਭੁਗਤਦੇ ਹਨ।

ਸੜਕਾਂ ਦੇ ਉੱਤੇ ਹੁੰਦੇ ਹਾਦਸੇ ਤਾਂ ਸਾਡੀਆਂ ਨਜ਼ਰਾਂ ਵਿੱਚ ਹਨ, ਪਰ ਜਿਹੜੇ ਹਾਦਸੇ ਅਸੀਂ ਪੰਜਾਬੀਆਂ ਨੇ ਆਪਣੇ ਰਿਸ਼ਤਿਆਂ ਦੇ ਨਾਲ ਕੀਤੇ ਹਨ ਤੇ ਕਰ ਰਹੇ ਹਨ, ਸ਼ਾਇਦ ਇਹ ਹਾਦਸੇ ਸੜਕਾਂ ਉੱਤੇ ਹੁੰਦੇ ਭਿਆਨਕ ਹਾਦਸਿਆਂ ਦੇ ਨਾਲੋਂ ਵੀ ਵਧੇਰੇ ਖਤਰਨਾਕ ਹਨ। ਉਂਝ ਅਸੀਂ ਆਪਣੇ ਆਪ ਨੂੰ ਸ਼ੇਰਾਂ ਦੀ ਕੌਮ, ਸੂਰਬੀਰ, ਯੋਧੇ, ਸ਼ਹੀਦੀਆਂ ਪਾਉਣ ਵਾਲੇ ਉਨ੍ਹਾਂ ਦੇਸ਼ ਭਗਤਾਂ ਦੇ ਵਾਰਿਸ ਆਖਦੇ ਹਾਂ, ਜਿੰਨ੍ਹਾਂ ਨੇ ਆਪਣਾ ਧਰਮ ਤੇ ਸਿਦਕ ਨਿਭਾਇਆ ਪਰ ਅੱਜ ਅਸੀਂ ਧਰਮ ਤੇ ਰਿਸ਼ਤਿਆਂ ਨੂੰ ਗ਼ਲਤ ਵਰਤ ਕੇ ਜਿਹੜੇ ਹਾਦਸੇ ਕਰ ਰਹੇ ਹਾਂ, ਜਦੋਂ ਅਸੀਂ ਇਨ੍ਹਾਂ ਹਾਦਸਿਆਂ ਦੀ ਕਹਾਣੀ ਸੁਣਦੇ ਹਾਂ ਤਾਂ ਸਾਡਾ ਸਿਰ ਸ਼ਰਮ ਨਾਲ ਝੁਕਦਾ ਨਹੀਂ।

ਅਸੀਂ ਕਿਵੇਂ ਆਪਣੀ ਧੀਆਂ ਨੂੰ ਪੌੜੀ ਬਣਾ ਕੇ ਦੇਸ਼ ਵਿਦੇਸ਼ ਪੁੱਜਣ ਲਈ ਸਮਾਜ ਵੱਲੋਂ ਸਿਰਜੇ ਰਿਸ਼ਤਿਆਂ ਦਾ ਘਾਣ ਕਰ ਰਹੇ ਹਾਂ, ਆਪਣੀਆਂ ਸਕੀਆਂ ਮਾਵਾਂ, ਭੈਣਾਂ, ਭੂਆ , ਚਾਚੀਆਂ, ਤਾਈਆਂ, ਮਾਮੀਆਂ , ਮਾਸੀਆਂ, ਨਾਨੀਆਂ ਤੇ ਦਾਦੀਆਂ ਦੇ ਨਾਲ ਵਿਆਹ ਕਰਵਾ ਕੇ ਠੰਢੇ ਮੁਲਕਾਂ ਵਿੱਚ ਜਾਣ ਲਈ ਸਾਧਨ ਵਰਤਦੇ ਰਹੇ ਹਾਂ। ਇਹ ਉਨਾਂ ਹਾਦਸਿਆਂ ਤੋਂ ਵਧੇਰੇ ਖਤਰਨਾਕ ਹਨ, ਜਿਹੜੇ ਸੜਕਾਂ ਉੱਤੇ ਵਾਪਰਦੇ ਹਨ। ਸੜਕਾਂ ਉੱਤੇ ਵਾਪਰਦੇ ਹਾਦਸਿਆਂ ਵਿੱਚ ਕਸੂਰ ਸੜਕਾਂ ਦਾ ਨਹੀਂ, ਸਾਡਾ, ਤੇ ਉਸ ਬੁਨਿਆਦੀ ਢਾਂਚੇ ਦਾ ਹੁੰਦਾ ਹੈ। ਜਿਹੜਾ ਸਾਨੂੰ ਅਜਿਹੇ ਹਾਦਸੇ ਕਰਨ ਦੀ ਖੁੱਲ੍ਹ ਦਿੰਦਾ ਹੈ।

ਸੜਕਾਂ ਰਾਤ ਨੂੰ ਜਦੋਂ ਨਸ਼ੇ' ਚ ਟੁੰਨ ਹੋ ਕੇ, ਮੌਤ ਦਾ ਤਾਂਡਵ ਨਾਚ ਕਰਦੀਆਂ ਹਨ ਤਾਂ ਕਾਨੂੰਨ ਦੇ ਰਖਵਾਲੇ ਵੀ ਆਪਣੇ ਫਰਜ ਭੁੱਲ , ਇਸ ਨਾਲ ਸ਼ਾਮਿਲ ਹੁੰਦੇ ਹਨ। ਇਹ ਤਾਂਡਵ ਨਾਚ ਬਹੁਤਾ ਉਸ ਅੰਨ੍ਹੀ ਤੇ ਵਿਹੂਣੀ ਸੋਚ ਦੇ ਲੋਕਾਂ ਦਾ ਹੁੰਦਾ ਹੈ, ਜਿਹੜੇ ਆਸਥਾ ਨੂੰ ਜ਼ਿੰਦਗੀ ਤੋਂ ਪਾਰ ਜਾਣ ਦਾ ਭੁਲੇਖਾ ਸਿਰਜਦੇ ਹਨ। ਇਸੇ ਕਰਕੇ ਬਹੁਤੇ ਮੌਤ ਦੇ ਤਾਂਡਵ ਨਾਚ ਇਨਾਂ ਅਖੌਤੀ ਡੇਰਿਆਂ, ਧਾਰਮਿਕ ਅਸਥਾਨਾਂ ਦੀ ਪ੍ਰਕਰਮਾਂ ਕਰਦਿਆਂ ਹੁੰਦੇ ਹਨ। ਪਸ਼ੂ ਬਿਰਤੀ ਜਦੋਂ ਮਨੁੱਖ 'ਤੇ ਭਾਰੂ ਹੁੰਦੀ ਹੈ, ਤਾਂ ਅਸੀਂ ਇਹ ਭੁੱਲ ਜਾਂਦੇ ਕਿ ਜਿਹੜੇ ਸਾਧਨ ਵਸਤੂਆਂ ਨੂੰ ਢੋਣ ਲਈ ਬਣਾਏ ਹਨ, ਉਨਾਂ ਵਿੱਚ ਅਸੀਂ ਉਹ ਜ਼ਿੰਦਗੀਆਂ ਵਸਤੂਆਂ ਵਾਂਗ ਲੱਦ ਕੇ ਤੁਰ ਪੈਂਦੇ ਹਾਂ। ਜਿੰਨ੍ਹਾਂ ਨੇ ਇਨ੍ਹਾਂ ਵਾਹਨਾਂ ਨੂੰ ਸੜਕਾਂ ਉਤੇ ਰੋਕ ਕੇ ਜਾਂਚ ਪੜਤਾਲ ਕਰਨੀ ਹੁੰਦੀ ਹੈ, ਉਹ ਵੀ ਸੋਮਰਸ ਦਾ ਸੇਵਨ ਕਰਕੇ ਅੰਗੂਰੀ ਹੋ ਕੇ ਕਿਸੇ ਸੁਰੱਖਿਅਤ ਥਾਂ 'ਤੇ ਸੌਂ ਜਾਂਦੇ ਹਨ।

ਭਾਵੇਂ ਉਨਾਂ ਨੂੰ ਤਨਖਾਹ ਸੌਣ ਦੀ ਨਹੀਂ, ਸਗੋਂ ਸੜਕ 'ਤੇ ਵਾਹਨਾਂ ਨੂੰ ਚੈੱਕ ਕਰਨ ਦੀ ਮਿਲਦੀ ਹੈ, ਉਹ ਮਿਲਣ ਵਾਲੀ ਤਨਖਾਹ ਦੇ ਨਾਲੋਂ ਉਪਰਲੀ ਕਮਾਈ ਵੱਧ ਕਰ ਲੈਂਦੇ ਹਨ, ਇਸੇ ਕਰਕੇ ਉਨਾਂ ਦੇ ਢਿੱਡ ਤੂੜੀ ਵਾਲੇ ਟਰੱਕ ਵਾਂਗ ਬਾਹਰ ਨੂੰ ਨਿਕਲ ਆਉਂਦੇ ਹਨ। ਜਦੋਂ ਕਿਧਰੇ ਕੋਈ ਹਾਦਸਾ ਵਾਪਰ ਜਾਂਦਾ ਹੈ ਤਾਂ ਫਿਰ ਜਿਹੜੀ ਸਰਕਾਰੀ ਮਸ਼ੀਨਰੀ ਲੰਮੀਆਂ ਤਾਣ ਕੇ ਸੁੱਤੀ ਪਈ ਹੁੰਦੀ ਹੈ, ਉਹ ਹਰਕਤ ਵਿੱਚ ਆ ਜਾਂਦੀ ਹੈ, ਫਿਰ ਕਾਨੂੰਨ ਦਾ ਪਾਠ ਪੜ੍ਹਾਇਆ ਹੀ ਨਹੀਂ ਜਾਂਦਾ, ਸਗੋਂ ਉਸਨੂੰ ਸਖ਼ਤੀ ਨਾਲ ਲਾਗੂ ਕਰਨ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ। ਮਰਨ ਵਾਲਿਆਂ ਦੇ ਵਾਰਸਾਂ ਨੂੰ ਮੱਦਦ ਦੇਣ ਦੇ ਹੁਕਮ ਹੁੰਦੇ ਹਨ, ਜ਼ਖ਼ਮੀਆਂ ਦਾ ਇਲਾਜ ਸਰਕਾਰੀ ਪੱਧਰ ਉੱਤੇ ਕਰਨ ਦੀਆਂ ਹਦਾਇਤਾਂ ਹੁੰਦੀਆਂ ਹਨ। ਅਜਿਹੇ ਹਾਦਸੇ ਮੁੜ ਨਾ ਹੋਣ ਤੋਂ ਰੋਕਣ ਲਈ ਸਖ਼ਤ ਹਦਾਇਤਾਂ ਹੁੰਦੀਆਂ ਹਨ, ਪਰ ਜਿਹੜੇ ਅਣਆਈ ਮੌਤ ਇੱਕ ਨਿੱਜੀ ਜਿਹੀ ਗ਼ਲਤੀ ਨਾਲ ਤੁਰ ਜਾਂਦੇ ਹਨ, ਉਨ੍ਹਾਂ ਦੇ ਪਿੱਛੇ ਰਹਿ ਗਏ ਯਾਂਦ ਕਰਕੇ ਰੋਂਦੇ ਤੇ ਕੁਰਲਾਉਂਦੇ ਰਹਿੰਦੇ ਹਨ।

ਅਸੀਂ ਵੱਡੀਆਂ ਵੱਡੀਆਂ ਗੱਡੀਆਂ ਤਾਂ ਲੈ ਲਈਆਂ ਹਨ ਪ੍ਰੰਤੂ ਸੜਕਾਂ ਉੱਤੇ ਇਹ ਗੱਡੀਆਂ ਕਿਵੇਂ ਚਲਾਉਣੀਆਂ ਹਨ, ਇਸ ਦੀ ਸਾਨੂੰ ਭੋਰਾ ਵੀ ਜਾਣਕਾਰੀ ਨਹੀਂ ਹੁੰਦੀ ਬਿਨਾਂ ਕਿਸੇ ਜਾਂਚ ਪੜਤਾਲ 'ਤੇ ਡਰਾਈਵਿੰਗ ਲਾਈਸੈਂਸ ਜਾਰੀ ਹੁੰਦੇ ਹਨ। ਸੜਕ ਉੱਤੇ ਚਲਣ ਦੇ ਨਿਯਮਾਂ ਦਾ ਜਿਹਨਾਂ ਨੇ ਪਾਠ ਪੜ੍ਹਾਉਣਾ ਅਤੇ ਸਿਖਾਉਣਾ ਹੁੰਦਾ ਹੈ, ਉਹ ਵੀ ਆਪਣੀ ਕੀਮਤ ਦੱਸ ਕੇ , ਸਭ ਕੁੱਝ ਅਸਾਨ ਕਰ ਦਿੰਦੇ ਹਨ। ਜਦੋਂ ਕਾਨੂੰਨ ਲਾਗੂ ਕਰਨ ਵਾਲੇ ਆਪਣੀ ਕੀਮਤ ਵਸਤੂਆਂ ਵਾਂਗ ਪਾਉਂਦੇ ਹਨ, ਉਦੋਂ ਹੀ ਇਨ੍ਹਾਂ ਹਾਦਸਿਆਂ ਦਾ ਮੁੱਢ ਬੱਝਣਾ ਸ਼ੁਰੂ ਹੋ ਜਾਂਦਾ ਹੈ, ਜਿਹੜਾ ਪਰਿਵਾਰਾਂ ਦੇ ਪਰਿਵਾਰਾਂ ਦੀ ਜਾਨ ਲੈਂਦਾ ਹੈ।

ਉਂਝ ਭਾਵੇਂ ਅਸੀਂ ਨੈਤਿਕ ਕਦਰਾਂ ਕੀਮਤਾਂ, ਕਾਨੂੰਨ ਦਾ ਸਤਿਕਾਰ ਕਰਨ ਤੇ ਸੜਕਾਂ ਉਤੇ ਚੰਗੇ ਚਾਲਕ ਹੋਣ ਦੀਆਂ ਟਾਹਰਾਂ ਮਾਰਦੇ ਹਾਂ, ਪਰ ਅਸੀਂ ਕਦੇ ਵੀ ਉਨਾਂ ਨਿਯਮਾਂ ਦਾ ਪਾਲਣ ਨਹੀਂ ਕਰਦੇ, ਜਿਨ੍ਹਾਂ ਦੀ ਅਸੀਂ ਸੁੰਹ ਚੁੱਕਦੇ ਹਾਂ। ਜਦੋਂ ਤੀਕ ਸਾਡੇ ਕਾਨੂੰਨ ਦੇ ਰਖਵਾਲੇ, ਗੱਡੀਆਂ, ਮੋਟਰਾਂ, ਸੜਕਾਂ ਤੇ ਡਰਾਈਵਰ ਲਾਈਸੈਂਸ ਜਾਰੀ ਕਰਨ ਵਾਲੇ ਆਪਣਾ ਮੁੱਲ ਵਸਤੂਆਂ ਵਾਂਗ ਪਾਉਂਦੇ ਰਹਿਣਗੇ, ਉਦੋਂ ਤੱਕ ਇਨ੍ਹਾਂ ਹਾਦਸਿਆਂ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ। ਇਨਾਂ ਹਾਦਸਿਆਂ ਤੋਂ ਬਚਣ ਲਈ ਜਦੋਂ ਤੀਕ ਅਸੀਂ ਖੁਦ ਆਪਣੇ ਆਪ ਨੂੰ ਜ਼ੁੰਮੇਵਾਰ ਨਹੀਂ ਸਮਝਦੇ ਉਦੋਂ ਤੀਕ ਇਹ ਹਾਦਸੇ ਜਾਰੀ ਰਹਿਣਗੇ।

ਕਸੂਰ ਇਨ੍ਹਾਂ ਸੜਕਾਂ ਦਾ ਨਹੀਂ, ਵਾਹਨਾਂ ਦਾ ਨਹੀਂ, ਸਗੋਂ ਇਹ ਉਨ੍ਹਾਂ ਦਾ ਜ਼ੁੰਮੇਵਾਰ ਸਰਕਾਰੀ ਤੇ ਗੈਰ ਸਰਕਾਰੀ ਤੰਤਰ ਦਾ ਹੈ, ਜਿਹੜਾ ਆਪਣਾ ਢਿੱਡ ਭਰਨ ਲਈ ਸਾਰੇ ਕਾਇਦੇ ਕਾਨੂੰਨ ਛਿੱਕੇ ਟੰਗਦੇ ਹਨ, ਤੇ ਫਿਰ ਇਹ ਆਖਦੇ ਹਨ ਕਿ ਕਾਸ਼! ਸੜਕਾਂ ਦੇ ਢਿੱਡ ਹੁੰਦੇ । ਉਹ ਕੁੱਝ ਖਾ ਕੇ ਭਰ ਜਾਂਦੇ ਪਰ ਜਿੰਨਾਂ ਦੇ ਅਜੇ ਤੱਕ ਬੱਜਰੀ , ਰੇਤਾ, ਲੁੱਕ, ਮਿੱਟੀ, ਪਾਣੀ , ਸਰੀਆ ਤੇ ਮਾਇਆ ਦੇ ਨਾਲ ਢਿੱਡ ਨਹੀਂ ਭਰੇ, ਇਹ ਹਾਦਸੇ ਉਦੋਂ ਤੱਕ ਜਾਰੀ ਰਹਿਣਗੇ। ਜ ਜਦੋਂ ਤੱਕ ਲੋਕ ਜਾਗਦੇ ਨਹੀਂ।

ਇਨ੍ਹਾਂ ਹਾਦਸਿਆਂ ਨੂੰ ਰੋਕਣ ਲਈ ਸੜਕ ਨਿਯਮਾਂ ਦਾ ਪਾਠ ਸਿੱਖਿਆ ਵਿੱਚ ਸ਼ਾਮਲ ਕਰਨਾ ਪਵੇਗਾ, ਚੋਰ ਮੋਰੀਆਂ ਰਾਹੀਂ ਜਾਰੀ ਹੋਣ ਵਾਲੇ ਲਾਇਸੰਸਾਂ ਨੂੰ ਠੱਲ੍ਹ ਪਾਉਣ ਲਈ ਵਿਦੇਸ਼ਾਂ ਵਰਗੇ ਨਿਯਮ ਲਾਗੂ ਕਰਨੇ ਪੈਣਗੇ, ਇਸ ਸਭ ਕੁੱਝ ਦੀ ਜ਼ੁੰਮੇਵਾਰੀ ਇਕੱਲੀ ਸਰਕਾਰੀ ਮਸ਼ੀਨਰੀ ਦੀ ਨਹੀਂ ਸਗੋਂ ਸਾਡੀ ਸਭ ਦੀ ਬਣਦੀ ਹੈ, ਸਾਨੂੰ ਇਹ ਸਭ ਕੁੱਝ ਆਪਣੇ ਆਪ ਉੱਤੇ ਲਾਗੂ ਕਰਨਾ ਪਵੇਗਾ-ਫਿਰ ਹੀ ਅਸੀਂ ਦੂਸਰਿਆਂ ਨੂੰ ਨਸੀਅਤਾਂ ਦੇਣ ਦੀ ਹਿੰਮਤ ਕਰ ਸਕਦੇ । ਸੜਕਾਂ ਦੇ ਢਿੱਡ ਤਾਂ ਕਦੇ ਵੀ ਨਹੀਂ ਭਰਨੇ। ਨਾ ਲਾਲਚੀ ਬਿਰਤੀ ਵਾਲੇ ਲੋਕਾਂ ਦੇ ਭਰਨੇ ਹਨ। ਤੁਸੀਂ ਆਰਾਮ ਨਾਲ ਦੇਸ਼ ਵਿਕਦਾ ਹੋਇਆ ਦੇਖੀ ਚੱਲੋ। ਕਾਸ਼ ਬੰਦਿਆਂ ਦੇ ਵੀ ਢਿੱਡ ਹੁੰਦੇ !

ਬੁੱਧ ਸਿੰਘ ਨੀਲੋਂ
ਚਾਂਸਲਰ
ਪੋਲ ਖੋਲ੍ਹ ਕੌਮਾਂਤਰੀ ਯੂਨੀਵਰਸਿਟੀ
ਨਹਿਰ ਕਿਨਾਰੇ ਨੀਲੋਂ ਕਲਾਂ,
ਲੁਧਿਆਣਾ।
94643-7082









# ਮੇਰਾ ਸ਼ਹਿਰ ਰੀਜਾਈਨਾ (Regina)




Regina ਲਾਤੀਨੀ (Latin) ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮਤਲੱਬ ਹੈ Queen ਭਾਵ ਰਾਣੀ। ਇਸੇ ਕਰਕੇ ਇਸ ਸ਼ਹਿਰ ਨੂੰ Queen ਛਿਟੇ ਕਿਹਾ ਜਾਂਦਾ ਹੈ। Regina ਸ਼ਬਦ ਦਾ ਅਸਲੀ ਉਚਾਰਨ ਰੀਜਾਈਨਾ ਨਹੀਂ, ਰਜੀਨਾ ਹੈ। ਚਿੱਟੀ ਚਮੜੀ, ਮਿੱਠੀ ਬੋਲੀ ਵਾਲੇ ਖਚਰੇ ਅੰਗਰੇਜ਼ ਨੇ ਰਜੀਨਾ ਨੂੰ ਰੀਜਾਈਨਾ ਬਣਾ ਦਿੱਤਾ, ਜਿਵੇਂ ਇਹਨਾ ਨੇ ਕਾਨਾਟਾ ਨੂੰ ਕੈਨੇਡਾ ਬਣਾ ਦਿੱਤਾ। ਕਾਨਾਟਾ ਆਦੀ ਵਾਸੀਆਂ ਦੀ Cree ਭਾਸ਼ਾ ਦਾ ਲਫ਼ਜ਼ ਹੈ, ਜਿਸ ਦਾ ਮਤਲਬ ਹੈ , ਸਾਡੇ ਘਰ ਆਉਣ ਲਈ ਧੰਨਵਾਦ।

ਰੀਜਾਈਨਾ ਉੱਤਰੀ ਅਮਰੀਕਾ ਵਿੱਚ ਇੱਕੋ ਇੱਕ ਸ਼ਹਿਰ ਹੈ ਜੋ ਦਰਿਆ ਦੇ ਕੰਡੇ ਨਹੀਂ ਵਸਿਆ। ਜਿਸ ਜਗਾਹ ਰੀਜਾਇਨਾ ਵਸਿਆ ਹੈ, ਇਸ ਥਾਂ ਨੂੰ Oscans ਕਿਹਾ ਜਾਂਦੀ ਸੀ ਜਿਸ ਨੂੰ ਅੰਗਰੇਜ ਨੇ Wascana ਬਣਾ ਦਿੱਤਾ। Oscans, ਆਦੀ ਵਾਸੀਆਂ ਦੀ Cree ਭਾਸ਼ਾ ਦਾ ਲਫ਼ਜ਼ ਹੈ, ਜਿਸ ਦਾ ਮਤਲਬ ਹੈ ਹੱਡੀਆਂ ਦਾ ਢੇਰ, ਜਿਸ ਨੂੰ ਆਪਾਂ ਹੱਡਾਂ ਰੋੜੀ ਕਹਿੰਦੇ ਹਾਂ। ਇਸ ਜਗਾਹ ਤੇ ਓਹ ਲੋਕੀਂ ਆਪਣੇ ਸ਼ਿਕਾਰ ਦੀਆਂ ਹੱਡੀਆਂ ਸੁੱਟਦੇ ਸਨ।

ਸੋ ਇਸ ਪਵਿਤਰ ਜਗਾਹ ਤੇ ਸ਼ਹਿਰ ਵਸ ਗਿਆ ਜੋ Oscana ਭਾਵ Wascana ਦੇ ਨਾਮ ਨਾਲ ਜਾਣਿਆ ਜਾਂਦਾ ਸੀ।1882 ਵਿੱਚ Queen Victoria ਦੀ ਸ਼ਹਿਜ਼ਾਦੀ Princess Louise ਨੇ ਆਪਣੀ ਮਾਂ ਨੂੰ ਸਨਮਾਨਿਤ ਕਰਨ ਲਈ, ਇਸ ਸ਼ਹਿਰ ਦਾ ਨਾਮ ਰਜੀਨਾ ਰੱਖ ਦਿੱਤਾ, ਜਿਸ ਦਾ ਮਤਲਬ ਹੈ Queen.

ਜਿਸ ਜਗਾਹ ਨੂੰ ਕਦੀ Oscans (ਹੱਡਾ ਰੋੜੀ) ਕਹਿੰਦੇ ਸੀ, ਉਹਨੂੰ ਅੱਜ Wascana Park ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਪਾਰਕ 1860 ਏਕੜ ਵਿੱਚ ਫੈਲਿਆ ਹੋਇਆ ਹੈ। ਇਸ ਪਾਰਕ ਨੂੰ ਦੁਨੀਆਂ ਭਰ ਵਿੱਚ Crown-Jewel of Regina ਵਜੋਂ ਵੀ ਜਾਣਿਆ ਜਾਂਦਾ ਹੈ।

ਘੱਟ ਹੀ ਲੋਕੀਂ ਜਾਣਦੇ ਹਨ ਇਸ ਅਦਭੁਤ ਸ਼ਹਿਰ ਬਾਰੇ। ਇਹ ਸ਼ਹਿਰ ਉਤਰੀ ਅਮਰੀਕਾ ਦੇ ਬਿਲਕੁੱਲ ਸੈਂਟਰ ਵਿੱਚ ਹੈ। ਕੈਨੇਡਾ ਇੱਕੋ ਇੱਕ ਸ਼ਹਿਰ ਹੈ ਜਿੱਥੇ Royal Canadian Mounted Police (RCMP) ਦੇ ਦੋ ਡਵੀਜ਼ਨ ਹਨ, F ਡਵੀਜ਼ਨ ਤੇ Depot ਡਵੀਜ਼ਨ। F ਡਵੀਜ਼ਨ ਛੋਟੇ ਪਿੰਡਾਂ ਤੇ ਕਸਬਿਆਂ ਦੀ ਖਾਤਰ-ਦਾਰੀ ਕਰਦਾ ਹੈ ਤੇ Depot ਡਵੀਜ਼ਨ RCMP ਦੀ ਟਰੇਨਿੰਗ ਅਕੈਡਮੀ ਹੈ। ਸਾਰੇ ਕੈਨੇਡਾ ਵਿੱਚੋਂ ਮੁੰਡੇ ਕੁੜੀਆਂ RCMP ਦੀ ਟ੍ਰੇਨਿੰਗ ਲਈ ਇੱਥੇ ਆਉਂਦੇ ਹਨ। ਇਸ ਜਗਾਹ ਤੇ Louis Reil, a Métis Leader ਨੂੰ ਫਾਂਸੀ ਦਿੱਤੀ ਗਈ ਸੀ। ਜਿਸ ਰੱਸੇ ਨਾਲ ਫਾਂਸੀ ਦਿੱਤੀ ਗਈ ਸੀ, ਉਹ RCMP ਦੇ ਅਜਾਇਬ ਘਰ ਵਿੱਚ ਰੱਖਿਆ ਹੋਇਆ ਹੈ। ਰੀਜਾਈਨਾ ਇੱਕੋ ਇੱਕ ਸ਼ਹਿਰ ਹੈ, ਜਿੱਥੇ First Nations University of Canada ਜਿਸ ਦੀ ਬਿਲਡਿੰਗ Native Architecture ਦਾ ਅਦਭੁਤ ਨਮੂਨਾ ਹੈ।

ਇੱਥੇ ਹੀ ਬਸ ਨਹੀਂ ਰੀਜਾਈਨਾਂ ਸਾਰੇ ਕੈਨੇਡਾ ਵਿੱਚ ਇੱਕੋ ਇੱਕ ਸ਼ਹਿਰ ਹੈ ਜਿੱਥੇ Jesuit College ਹੈ ਜਿਸ ਵਿੱਚ Monks(ਪਾਦਰੀ) ਅਧਿਆਪਕ ਹਨ। ਸਾਰੀ ਦੁਨੀਆਂ ਵਿੱਚ ਰੀਜਾਈਨਾਂ ਇੱਕੋ ਇੱਕ ਸ਼ਹਿਰ ਹੈ ਜਿੱਥੇ ਸਭ ਤੋਂ ਵੱਧ ਦਰੱਖਤ ਲਗਾਏ ਗਏ ਹਨ, ਇਸੇ ਲਈ ਇਸ ਨੂੰ Tree City of the World ਕਿਹਾ ਜਾਂਦਾ ਹੈ। ਰੀਜਾਈਨਾ ਵਿੱਚ ਸਾਰੇ ਸੂਬਿਆਂ 'ਚੋਂ ਵੱਡੀ Legislatures Building ਹੈ, ਜਦੋਂ ਕਿ ਜਨ ਸੰਖਿਆ ਸਾਰੇ ਸੂਬਿਆਂ ਤੋਂ ਘੱਟ ਹੈ। ਕੀ ਕੀ ਸਿਫਤ ਕਰਾਂ ਮੇਰੇ ਸ਼ਹਿਰ ਦੀਆਂ।



ਲੇਖਕ -
ਮਲਕੀਤ ਸਿੰਘ ਸਿੱਧੂ "ਸੇਖਾ"

# ਮੋਬਾਇਲ ਮੀਡੀਆ

ਦੋ ਕੁ ਦਹਾਕੇ ਪਹਿਲਾਂ ਸੁਣਦੇ ਹੁੰਦੇ ਸੀ ਕਿ ਪੰਜਾਬ ਵਿੱਚ ਇੱਟ ਪੱਟੀ ਤੇ ਗਾਇਕ ਨਿੱਕਲ ਆਉਂਦੇ ਹਨ । ਪਰ ਅੱਜਕਲ ਮੋਬਾਇਲ ਮੀਡੀਆ ਨੇ ਤਾਂ ਪੰਜਾਬ ਦੇ ਰਿਕਾਰਡ ਹੀ ਤੋੜ ਦਿੱਤੇ ਹਨ ।

ਹੁਣ ਜਣਾ-ਖਣਾ ਪੱਤਰਕਾਰ , ਨਿਊਜ ਐਂਕਰ, ਦੇਸੀ ਵੈਦ , ਬਾਬੇ ,ਬੁੱਧੀਜੀਵੀ, ਡਾਕਟਰ, ਹੋਰ ਪਤਾ ਨਹੀ ਕੀ-ਕੀ ਬਣੇ ਫਿਰਦੇ ਹਨ ? ਬੇਸ਼ਕ ਕੁਝ-ਇੱਕ ਅਸਲੀ ਵੀ ਹੋਣ ਪਰ ਬਹੁਤੇ ਤਾਂ ਟੁੱਕ ਤੇ ਡੇਲਾ ਹੀ ਹਨ । ਬਹੁਤੇ ਫੇਸਬੁੱਕੀਆਂ ਨੇ ਤਾਂ ਹੱਦ ਹੀ ਪਾਰ ਕਰ ਦਿੱਤੀ ਇੱਕ ਮਾਇਕ ਤੇ ਕੈਮਰਾ ਲੈ ਕੇ ਦੂਜਿਆਂ ਦੇ ਪਰਦੇ ਫਰੋਲਣ ਤੇ ਸਮਾਜ ਵਿੱਚ ਕਲੇਸ਼ ਫੈਲਾਉਣ ਤੋ ਬਿਨਾਂ ਉਹਨਾਂ ਨੂੰ ਹੋਰ ਕੋਈ ਕੰਮ ਵੀ ਨਹੀ ਹੈ ।ਬੱਸ ਲਾਇਕ ਤੇ ਵਿਊ ਲੈਣ ਮਾਰੇ ਆਮ ਲੋਕਾਂ ਨੂੰ ਮੂਰਖ ਬਣਾਈ ਜਾਦੇ ਹਨ ।



ਅਸਲ ਵਿੱਚ ਸਾਡਾ ਕੋਈ ਟੀਚਾ ਹੀ ਨਹੀ ਹੈ ਕਿ ਅਸੀ ਆਪਣੇ ਬੱਚਿਆਂ ਨੂੰ ਕਿੱਥੇ ਦੇਖਣਾ ਚਾਹੁੰਦੇ ਹਾਂ? ਕਿਸੇ ਵੀ ਉਪਲੱਭਦੀ ਲਈ ਗਿਆਨ ਜਰੂਰੀ ਹੁੰਦਾ ਹੈ ਅਤੇ ਗਿਆਨ ਵਾਸਤੇ ਕਿਤਾਬਾ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ ।

ਵੇਖੋ , ਆਪਣੇ ਪਰਿਵਾਰ ਵੱਲ ਧਿਆਨ ਦੇਵੋ ' ਆਹ ਰਾਜਨੀਤੀ ,ਕ੍ਰਿਕਟ , ਗਾਣਿਆਂ , ਫਿਲਮਾਂ ਨੇ ਕਝ ਪੱਲੇ ਨਹੀ ਪਾਉਣਾ ।

ਧੰਨਵਾਦ

ਡਾ. ਰਾਜਦੁਲਾਰ ਸਿੰਘ,
ਸਰਾਂ ਕਲੀਨਕ ਸਮਾਲਸਰ
94175 05141



# ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬ ਦੇ ਸਲਾਨਾ ਮੇਲੇ 'ਚ ਲੱਗੀਆਂ ਖ਼ੂਬ ਰੌਣਕਾਂ

*** ਮੇਅਰ ਪੈਟਰਿਕ ਬਰਾਊਨ, ਮੰਤਰੀਆਂ ਕਮਲ ਖਹਿਰਾ, ਪ੍ਰਭਮੀਤ ਸਰਕਾਰੀਆ, ਐੱਮ.ਪੀਜ਼ ਸੋਨਿਆ ਸਿੱਧੂ, ਸ਼ਫ਼ਕਤ ਅਲੀ ਤੇ ਕਈ ਹੋਰ ਅਹਿਮ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ**

*** ਗਿੱਧਾ, ਭੰਗੜਾ, ਜਾਗੋ, ਨਾਟਕ, ਗੀਤ-ਸੰਗੀਤ ਤੇ ਹੋਰ ਆਈਟਮਾਂ ਨਾਲ ਹੋਇਆ ਸਰੋਤਿਆਂ ਦਾ ਮਨੋਰੰਜਨ**














ਬਰੈਂਪਟਨ, (ਡਾ. ਝੰਡ) -ਲੰਘੇ ਸ਼ਨੀਵਾਰ 10 ਅਗਸਤ ਨੂੰ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਜੋ ਇਸ ਸਮੇਂ ਬਰੈਂਪਟਨ ਦੀਆਂ 44 ਸੀਨੀਅਰਜ਼ ਕਲੱਬਾਂ ਦੀ 'ਛਤਰੀ' ਬਣਕੇ ਬਾਖ਼ੂਬੀ ਨੁਮਾਇੰਦਗੀ ਕਰ ਰਹੀ ਹੈ, ਦੀ ਅਗਵਾਈ ਹੇਠ ਆਪਣੇ ਸਲਾਨਾ ਸਮਾਗ਼ਮ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਬਰੈਂਪਟਨ ਦੇ 'ਸੇਵ ਮੈਕਸ ਸਪੋਰਟਸ ਸੈਂਟਰ' ਦੇ ਵਿਸ਼ਾਲ ਹਾਲ ਵਿਖੇ ਸਵੇਰੇ 11.00 ਵਜੇ ਤੋਂ ਆਰੰਭ ਹੋਏ ਸ਼ਾਮ 5.00 ਵਜੇ ਤੱਕ ਚੱਲੇ ਇਸ ਸਮਾਗ਼ਮ ਵਿਚ ਇਹ ਹਾਲ ਸਾਰਾ ਸਮਾਂ ਭਰਿਆ ਰਿਹਾ। ਕੁਰਸੀਆਂ ਨਾ ਮਿਲਣ ਕਰਕੇ ਕਈਆਂ ਨੂੰ ਖਲੋ ਕੇ ਹੀ ਇਸ ਰੌਣਕ ਭਰਪੂਰ ਸਮਾਗ਼ਮ ਦਾ ਅਨੰਦ ਮਾਨਣਾ ਪਿਆ। ਸਮਾਗ਼ਮ ਦੀ ਸ਼ੁਰੂਆਤ ਬੇਟੀ ਅਸ਼ਨੀਰ ਕੌਰ ਮਾਂਗਟ ਵੱਲੋਂ ਗਾਏ ਕੈਨੇਡਾ ਦੇ ਰਾਸ਼ਟਰੀ-ਗੀਤ 'ਓ ਕੈਨੇਡਾ' ਨਾਲ ਕੀਤੀ ਗਈ ਜਿਸ ਨੇ ਉਸ ਤੋਂ ਬਾਅਦ ਆਪਣੀ ਸੁਰੀਲੀ ਆਵਾਜ਼ ਵਿਚ ਗੁਰਬਾਣੀ ਦਾ ਸ਼ਬਦ 'ਤੁਮ ਕਰੋ ਦਇਆ ਮੇਰੇ ਸਾਈਂ' ਵੀ ਗਾਇਆ। ਪ੍ਰਧਾਨਗੀ-ਮੰਡਲ ਵਿਚ ਐਸੋਸੀਏਸ਼ਨ ਦੀ ਕਾਰਜਕਾਰਨੀ ਦੇ ਮੈਂਬਰਾਂ ਦੇ ਨਾਲ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਅਤੇ ਓਨਟਾਰੀਓ ਸੂਬਾ ਸਰਕਾਰ ਦੇ ਟਰਾਂਸਪੋਰਟ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ ਤੇ ਕਈ ਹੋਰ ਸੁਸ਼ੋਭਿਤ ਸਨ।

ਮੇਅਰ ਬਰਾਊਨ ਨੇ ਆਪਣੇ ਸੰਬੋਧਨ ਵਿਚ ਐਸੋਸੀਏਸ਼ਨ ਦੇ ਮੈਂਬਰਾਂ ਤੇ ਸਮੂਹ ਸੀਨੀਅਰਾਂ ਨੂੰ ਸਮਾਗ਼ਮ ਦੀ ਵਧਾਈ ਦਿੰਦਿਆਂ ਹੋਇਆਂ ਬਰੈਂਪਟਨ ਸਿਟੀ ਵੱਲੋਂ ਸੀਨੀਅਰਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ, ਖ਼ਾਸ ਕਰਕੇ ਫ਼ਰੀ ਬੱਸ ਪਾਸਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸੀਨੀਅਰ ਸਾਡੇ ਸਮਾਜ ਦਾ ਅਹਿਮ ਅੰਗ ਹਨ ਅਤੇ ਉਨ੍ਹਾਂ ਦੀ ਸੇਵਾ-ਸੰਭਾਲ ਸਰਕਾਰਾਂ ਦੀ ਜ਼ਿੰਮੇਂਵਾਰੀ ਬਣਦੀ ਹੈ ਜੋ ਕੈਨੇਡਾ ਦੀਆਂ ਤਿੰਨੇ ਪੱਧਰ ਦੀਆਂ ਸਰਕਾਰਾਂ ਬਾਖ਼ੂਬੀ ਨਿਭਾਅ ਰਹੀਆਂ ਹਨ। ਮੰਤਰੀ ਪ੍ਰਭਮੀਤ ਨੇ ਓਨਟਾਰੀਓ ਸਰਕਾਰ ਵੱਲੋਂ ਸੀਨੀਅਰਜ਼ ਲਈ ਕੀਤੇ ਜਾ ਰਹੇ ਕੰਮਾਂ ਦਾ ਵਰਨਣ ਕਰਦਿਆਂ ਉਨ੍ਹਾਂ ਦੇ ਲਈ ਹਰੇਕ ਕਿਸਮ ਦੀ ਬਣਦੀ ਸਹੂਲਤ ਦੇਣ ਦਾ ਭਰੋਸਾ ਦਿਵਾਇਆ। ਫ਼ੈੱਡਰਲ ਮਨਿਸਟਰ ਕਮਲ ਖਹਿਰਾ, ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਤੇ ਸ਼ਫ਼ਕਤ ਅਲੀ ਸਮਾਗ਼ਮ ਵਿਚ ਦੇਰ ਨਾਲ ਬਾਅਦ ਦੁਪਹਿਰ 3.30 ਵਜੇ ਪਹੁੰਚੇ, ਕਿਉਂਕਿ ਉਹ ਉਸ ਦਿਨ ਸਵੇਰ ਸਮੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਬਰੈਂਪਟਨ ਆਉਣ 'ਤੇ ਉਨ੍ਹਾਂ ਦੇ ਨਾਲ ਮੌਜੂਦ ਰਹੇ। ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਅਤੇ ਮਨਿੰਦਰ ਸਿੱਧੂ ਜ਼ਰੂਰੀ ਰੁਝੇਵਿਆਂ ਕਾਰਨ ਸਮਾਗ਼ਮ ਵਿਚ ਨਾ ਪਹੁੰਚ ਸਕੇ।

ਸਮਾਗ਼ਮ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਸਰਵਣ ਸਿੰਘ ਨੇ ਜੀਵਨ ਵਿਚ ਖੇਡਾਂ ਦੀ ਮਹੱਤਤਾ ਬਿਆਨ ਕਰਦੇ ਹੋਏ ਫ਼ਰਾਂਸ ਦੇ ਸ਼ਹਿਰ ਪੈਰਿਸ ਵਿਚ ਪਿਛਲੇ ਹਫ਼ਤੇ ਸੰਪੰਨ ਹੋਈਆਂ ਓਲਿੰਪਕ ਖੇਡਾਂ ਵਿਚ ਫੀਲਡ ਹਾਕੀ, ਨਿਸ਼ਾਨੇਬਾਜ਼ੀ ਤੇ ਪਹਿਲਵਾਨੀ ਖ਼ੇਤਰਾਂ ਵਿਚ ਭਾਰਤੀ ਖਿਡਾਰੀਆਂ ਦੀਆਂ ਪ੍ਰਾਪਤੀਆਂ ਦਾ ਵਿਸ਼ੇਸ਼ ਵਰਨਣ ਕੀਤਾ। ਉਨ੍ਹਾਂ ਕਿਹਾ ਕਿ ਭਾਰਤੀ ਪਹਿਲਵਾਨ ਵਿਨੇਸ਼ ਫ਼ੋਗਾਟ ਨਾਲ ਫ਼ਾਈਨਲ ਵਿਚ ਜਾ ਕੇ ਬੜੀ ਬੇਇਨਸਾਫ਼ੀ ਹੋਈ ਹੈ। ਭਾਰ ਵਿਚ ਮਾਮੂਲੀ ਜਿਹੇ ਵਾਧੇ ਕਾਰਨ ਉਸ ਨੂੰ ਡਿਸਕੁਆਲੀਫ਼ਾਈ ਕਰਨਾ ਉਸਦੇ ਨਾਲ ਘੋਰ ਅਨਿਆਂ ਹੈ। ਇਸ ਦੌਰਾਨ ਉਨ੍ਹਾਂ ਆਪਣਾ ਢਾਈ ਤੋਲੇ ਸੋਨੇ ਦਾ ਖੇਡ-ਪੁਰਸਕਾਰ ਵਿਨੇਸ਼ ਫ਼ੋਗਟ ਨੂੰ ਦੇਣ ਦੀ ਵਚਨਬੱਧਤਾ ਵੀ ਦੁਹਰਾਈ। ਡਾ. ਸੁਖਦੇਵ ਸਿੰਘ ਝੰਡ ਨੇ ਐਸੋਸੀਏਸ਼ਨ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਸਮੂਹ ਸੀਨੀਅਰਾਂ ਨੂੰ ਇਸ ਸਲਾਨਾ ਸਮਾਗ਼ਮ ਦੀ ਮੁਬਾਕਬਾਦ ਦਿੰਦਿਆਂ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਭਾਰੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਐਸੋਸੀਏਸ਼ਨ ਸੀਨੀਅਰਜ਼ ਦੇ ਮਸਲੇ ਅਤੇ ਮੰਗਾਂ ਫ਼ੈੱਡਰਲ, ਪ੍ਰੋਵਿੰਸ਼ੀਅਲ ਅਤੇ ਬਰੈਂਪਟਨ ਸਿਟੀ ਤੱਕ ਬਾਖ਼ੂਬੀ ਪੇਸ਼ ਕਰ ਰਹੀ ਹੈ ਜਿਸ ਸਦਕਾ 75 ਸਾਲ ਤੋਂ ਉੱਪਰ ਵਾਲੇ ਸੀਨੀਅਰਜ਼ ਦੀ ਓਲਡ-ਏਜ ਪੈੱਨਸ਼ਨ ਵਿਚ ਭਾਰੀ ਵਾਧਾ ਹੋਇਆ ਹੈ ਅਤੇ 65 ਸਾਲ ਤੋਂ ਉੱਪਰਲੇ ਸੀਨੀਅਰਾਂ ਨੂੰ ਵੀ ਇਸ ਦਾ ਲਾਭ ਮਿਲਿਆ ਹੈ। ਇਸ ਦੇ ਨਾਲ ਹੀ ਦੰਦਾਂ ਦੀ ਸੰਭਾਲ ਲਈ ਸ਼ੁਰੂ ਕੀਤੀ ਗਈ ਨਵੀਂ ਫ਼ੈਡਰਲ ਡੈਂਟਲ ਕੇਅਰ ਪਲੈਨ ਨਾਲ ਹੁਣ ਸੀਨੀਅਰਜ਼ ਦੇ ਦੰਦਾਂ ਦਾ ਮੁਫ਼ਤ ਇਲਾਜ ਵੀ ਆਰੰਭ ਹੋ ਗਿਆ ਹੈ। ਇਸ ਦੌਰਾਨ ਕਈ ਹੋਰ ਬੁਲਾਰਿਆਂ ਨੇ ਵੀ ਸਮਾਗ਼ਮ ਵਿਚ ਹਾਜ਼ਰ ਸੀਨੀਅਰਾਂ ਨੂੰ ਸੰਬੋਧਨ ਕੀਤਾ।

ਸਮਾਗ਼ਮ ਵਿਚ ਹਾਜ਼ਰੀਨ ਦੇ ਮਨੋਰੰਜਨ ਦਾ ਵੀ ਪੂਰਾ ਖਿਆਲ ਰੱਖਿਆ ਗਿਆ। 'ਪੰਜਾਬੀ ਲਹਿਰਾਂ' ਟੀ.ਵੀ. ਦੇ ਸੰਚਾਲਕ ਸਤਿੰਦਰ ਸਿੰਧਵਾਂ ਵੱਲੋਂ ਬਾਪੂ ਕਰਨੈਲ ਸਿੰਘ ਪਾਰਸ ਦੀ ਸਦਾ-ਬਹਾਰ ਕਵੀਸ਼ਰੀ "ਜੱਗ ਜੰਕਸ਼ਨ ਰੇਲਾਂ ਦਾ" ਬੁਲੰਦ ਆਵਾਜ਼ ਵਿਚ ਪੇਸ਼ ਕੀਤੀ ਗਈ ਜਿਸ ਦੀ ਦੂਸਰੀ ਸਤਰ "ਗੱਡੀ ਇਕ ਆਵੇ ਇਕ ਜਾਵੇ" ਦਾ ਸਾਥ ਆਮ ਲੋਕਾਂ ਵੱਲੋਂ ਮਿਲ ਕੇ ਦਿੱਤਾ ਗਿਆ। ਡਾ. ਦਰਸ਼ਨ ਦੀਪ ਅਰੋੜਾ ਵੱਲੋਂ ਦੇਸ਼-ਪਿਆਰ ਦੀ ਗ਼ਜ਼ਲ ਦੇ ਕੁਝ ਸ਼ੇਅਰ ਪੇਸ਼ ਕੀਤੇ ਗਏ। ਨਾਹਰ ਸਿੰਘ ਔਜਲਾ ਦੇ ਨਿਰਦੇਸ਼ਨ ਹੇਠ ਨੁੱਕੜ ਨਾਟਕ 'ਵੱਖਰੇ ਰੰਗ ਕਨੇਡਾ ਦੇ' ਪੇਸ਼ ਖੇਡਿਆ ਗਿਆ ਜਿਸ ਵਿਚ ਕੈਨੇਡਾ-ਵਾਸੀਆਂ ਨੂੰ ਦਰਪੇਸ਼ ਕਈ ਮਸਲਿਆਂ ਨੂੰ ਬਾਖ਼ੂਬੀ ਛੋਹਿਆ ਗਿਆ। ਗਾਇਕਾਂ ਵੱਲੋਂ ਕਈ ਗੀਤ ਗਾਏ। ਸੀਨੀਅਰ ਬੀਬੀਆਂ ਦੀ ਇਕ ਜੋੜੀ ਨੇ 'ਤੇਰੀ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਾ ਬਹਿੰਦੀ' ਉੱਪਰ ਵਧੀਆ ਡਾਂਸ ਕੀਤਾ। ਇਕ ਹੋਰ ਸੀਨੀਅਰ ਬੀਬੀ ਨੇ 'ਪਾਕੀਜ਼ਾ' ਫ਼ਿਲਮ ਦੇ ਮਸ਼ਹੂਰ ਗਾਣੇ 'ਇਨਹੀਂ ਲੋਗੋਂ ਨੇ ਲੇ ਲੀਨਾ ਦੁਪੱਟਾ ਮੇਰਾ' ਉੱਪਰ ਬਹੁਤ ਵਧੀਆ ਨਾਚ ਕੀਤਾ। ਗੁਲਾਬੀ ਪੁਸ਼ਾਕਾਂ ਪਹਿਨੀ ਚੀਨੀ ਸੀਨੀਅਰ ਔਰਤਾਂ ਵੱਲੋਂ ਗੁਲਾਬੀ ਰੰਗ ਦੀਆਂ ਹੀ ਛਤਰੀਆਂ ਨਾਲ ਇਕ ਚੀਨੀ ਗੀਤ ਉੱਪਰ ਸ਼ਾਨਦਾਰ ਡਾਂਸ ਪੇਸ਼ ਕੀਤਾ ਗਿਆ। ਇਸ ਦੇ ਨਾਲ ਹੀ ਬੀਬੀਆਂ ਦਾ ਗਿੱਧਾ, ਜਾਗੋ ਅਤੇ ਭਗੜੇ ਦੀਆਂ ਵੀ ਖ਼ੂਬਸੂਰਤ ਆਈਟਮਾਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ ਦਾ ਸਾਰਿਆਂ ਨੇ ਖ਼ੂਬ ਅਨੰਦ ਮਾਣਿਆਂ।

ਸਮਾਗ਼ਮ ਹਾਲ ਦੇ ਪਿਛਲੇ ਹਿੱਸੇ ਵਿਚ ਚਾਹ-ਪਾਣੀ ਦੇ ਸਟਾਲਾਂ ਦੇ ਨਜ਼ਦੀਕ 'ਸਰੋਕਾਰਾਂ ਦੀ ਆਵਾਜ਼' ਵੱਲੋਂ ਸ਼ਾਨਦਾਰ ਪੁਸਤਕ ਪ੍ਰਦਰਸ਼ਨੀ ਲਗਾਈ ਗਈ ਜਿਸ ਵਿਚ ਉਸਾਰੂ ਸਾਹਿਤ ਨਾਲ ਸਬੰਧਿਤ ਪੁਸਤਕਾਂ ਸ਼ਾਮਲ ਕੀਤੀਆਂ ਗਈਆਂ। ਲੋਕ ਬੜੇ ਉਤਸ਼ਾਹ ਨਾਲ ਪੁਸਤਕਾਂ ਵੇਖ ਰਹੇ ਸਨ ਅਤੇ ਕਈ ਇਹ ਪੁਸਤਕਾਂ ਖ਼ੀਦ ਵੀ ਰਹੇ ਸਨ। ਇਸ ਉੱਤਮ ਉਪਰਾਲੇ ਲਈ ਮਹੀਨਾਵਾਰ ਅਖ਼ਬਾਰ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਹਰਬੰਸ ਸਿੰਘ ਅਤੇ ਉਨ੍ਹਾਂ ਦੇ ਸਾਥੀ ਦਵਿੰਦਰ ਸਿੰਘ ਤੂਰ ਵਧਾਈ ਦੇ ਪਾਤਰ ਹਨ। ਸਮਾਗ਼ਮ ਦੌਰਾਨ ਪ੍ਰਬੰਧਕਾਂ ਵੱਲੋਂ ਖਾਣ-ਪੀਣ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਸਮੋਸਿਆਂ, ਪਕੌੜਿਆਂ, ਜਲੇਬੀਆਂ, ਸਲਾਦ ਤੇ ਲਜ਼ੀਜ਼ ਖਾਣੇ ਨਾਲ ਲੈਸ ਇਹ ਸਿਲਸਿਲਾ ਸਵੇਰੇ 11.00 ਵਜੇ ਤੋਂ ਇਸ ਦੇ ਅਖ਼ੀਰ ਤੱਕ ਨਿਰੰਤਰ ਚੱਲਦਾ ਰਿਹਾ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਵੱਲੋਂ ਸਮੂਹ ਬੁਲਾਰਿਆਂ, ਵੱਖ-ਵੱਖ ਆਈਟਮਾਂ ਵਿਚ ਭਾਗ ਲੈਣ ਵਾਲਿਆਂ ਅਤੇ ਆਏ ਹੋਏ ਸੀਨੀਅਰ ਸਾਥੀਆਂ ਦਾ ਧੰਨਵਾਦ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਸਾਰੀਆਂ ਸੀਨੀਅਰ ਕਲੱਬਾਂ ਦੇ ਸਹਿਯੋਗ ਨਾਲ ਐਸੋਸੀਏਸ਼ਨ ਦੀ ਕਾਰਜਕਾਰਨੀ ਆਪਣਾ ਕੰਮ ਪੂਰੀ ਜ਼ਿੰਮੇਂਵਾਰੀ ਨਾਲ ਨਿਭਾਅ ਰਹੀ ਹੈ ਅਤੇ ਇਹ ਸਿਲਸਿਲਾ ਅੱਗੋਂ ਇੰਜ ਹੀ ਜਾਰੀ ਰਹੇਗਾ। ਮੰਚ-ਸੰਚਾਲਕ ਦੀ ਜ਼ਿੰਮੇਵਾਰੀ ਐਸੋਸੀਏਸ਼ਨ ਦੇ ਸਕੱਤਰ ਪ੍ਰੀਤਮ ਸਿੰਘ ਸਰਾਂ ਵੱਲੋਂ ਬਾਖ਼ੂਬੀ ਨਿਭਾਈ ਗਈ ਜਿਨ੍ਹਾਂ ਦਾ ਸਾਥ ਮੀਡੀਆ ਸੰਚਾਲਕ ਮੁਹਿੰਦਰ ਸਿੰਘ ਮੋਹੀ ਵੱਲੋਂ ਦਿੱਤਾ ਗਿਆ। ਇਸ ਸਮਾਗ਼ਮ ਦੀ ਸ਼ਾਨਦਾਰ ਸਫ਼ਲਤਾ ਲਈ ਐਸੋਸੀਏਸ਼ਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ, ਕਾਰਜਕਾਰਨੀ ਦੇ ਉਨ੍ਹਾਂ ਦੇ ਸਾਥੀ ਅਤੇ ਸਮੂਹ ਸੀਨੀਅਰਜ਼ ਕਲੱਬਾਂ ਦੇ ਅਹੁਦੇਦਾਰ ਵਧਾਈ ਦੇ ਹੱਕਦਾਰ ਹਨ।

# ਜ਼ਿਲ੍ਹਾ ਫਿਰੋਜ਼ਪੁਰ ਨਿਵਾਸੀਆਂ ਦੀ ਉਨੀਂਵੀਂ ਪਿਕਨਿਕ ਦੀ ਤਿਆਰੀ

## ਟੀਮ ਜ਼ੋਰ-ਸ਼ੋਰ ਨਾਲ ਕੰਮ ਕਰ ਰਹੀ ਹੈ



(ਬਰੈਂਪਟਨ/ਬਾਸੀ ਹਰਚੰਦ): ਜ਼ਿਲਾ ਫੀਰੋਜ਼ਪੁਰ ਨਿਵਾਸੀਆਂ ਨਾਲ ਇਹ ਖਬਰ ਸਾਂਝੀ ਕਰਦਿਆਂ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਆਪਣੀ ਸਲਾਨਾ ਪਿਕਨਿਕ 17 ਅਗਸਤ ਦਿਨ ਸਨਿਚਰਵਾਰ ਨੂੰ 11-00 ਵਜੇ ਤੋਂ ਸ਼ਾਮ ਦੇ 5-00ਵਜੇ ਤੱਕ ਬੜੀ ਧੂੰਮ ਧਾਮ ਨਾਲ ਮਨਾਈ ਜਾਏਗੀ। ਇਸ ਦੀਆਂ ਤਿਆਰੀਆਂ ਬੜੇ ਜੋਰ ਨਾਲ ਚੱਲ ਰਹੀਆਂ ਹਨ। ਸਵੀਟ ਮਹਿਲ ਵਾਲਿਆਂ ਦਾ ਤਰ੍ਹਾਂ ਤਰ੍ਹਾਂ ਦਾ ਸੁਆਦਲਾ ਭੋਜਨ ਚਾਹ ਠੰਢੇ ਸਨੈਕਸ ਪਕੌੜੇ ਮਠਿਆਈ ਚਾਵਲ, ਰੋਟੀ। ਦਹੀਂ ਸਬਜੀਆਂ ਆਦਿ ਦਿਨ ਭਰ ਚਲਣਗੇ।

ਬੱਚੇ ਬੀਬੀਆਂ,ਬਜੁਰਗਾਂ ਨੌਜਵਾਨਾ ਲਈ ਖੇਡ ਮੁਕਾਬਲੇ ਹੋਣਗੇ ਜੇਤੂਆਂ ਨੂੰ ਸ਼ਾਨਦਾਰ ਟਰੌਫੀਆ ਦਿਤੀਆਂ ਜਾਣਗੀਆਂ। ਸਭ ਤੋਂ ਵੱਡੀ ਉਮਰ ਦੇ ਇੱਕ ਬੀਬੀ ਅਤੇ ਬਜ਼ੁਰਗ ਨੂੰ ਸ਼ਾਨਦਾਰ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਏਗਾ। ਇਸ ਵਾਰ ਪਿਕਨਿਕ ਮਿਲਟਨ ਦੇ 9319 ਗੋਲਫ ਲਾਈਨ ਪਾਰਕ ਵਿੱਚ ਹੋਵੇਗੀ। ਇਸ ਵਾਰ ਪਿਕਨਿਕ ਮਿਲਟਨ ਕਰਨ ਦਾ ਕਾਰਨ ਇਹ ਹੈ ਕਿ ਯਤਨ ਕਰਨ ਦੇ ਬਾਵਜੂਦ ਵੀ ਪਾਰਕ ਨਹੀਂ ਮਿਲੀ । ਇਥੇ ਦੀਆਂ ਪਾਰਕਾਂ ਵਿਚ ਫੂਡ ਟਰੱਕ,ਸਪੀਕਰ ,ਫਰੀ ਕਾਰ ਪਾਰਕਿੰਗ ਜਿਹੀਆਂ ਸਹੂਲਤਾਂ ਨਹੀਂ ਬੰਦਿਆਂ ਦੀ ਗਿਣਤੀ ਅਨੁਸਾਰ ਪਾਰਕਿੰਗ ਨਹੀਂ ਮਿਲੀ । ਬਾਕੀ ਇਸ ਵਾਰ ਸਾਰੇ ਨਵੀਂ ਜਗਾਹ ਵੇਖ ਲੈਣਗੇ ਅੱਗੇ ਤੋਂ ਜਿਵੇਂ ਪ੍ਰੀਵਾਰ ਚਾਹੁਣਗੇ ਉਸੇ ਤਰ੍ਹਾਂ ਫੈਸਲਾ ਕਰ ਲਵਾਂਗੇ।

ਜਿਸ ਨੂੰ ਵੀ ਪਿਕਨਿਕ ਦੀ ਜਾਣਕਾਰੀ ਮਿਲੇ ਇਹ ਜ਼ਿਲਾ ਫਿਰੋਜ਼ਪਰ ਦੇ ਬਾਕੀ ਪ੍ਰੀਵਾਰਾਂ ਨਾਲ ਸਾਂਝੀ ਕਰਨ ਜਰੂਰ ਖੇਚਲ ਕਰਨ।

ਤੁਹਾਡੇ ਜ਼ੋਰਦਾਰ ਹੁੰਗਾਰੇ ਦੀ ਆਸ ਵਿੱਚ ਅਤੇ ਜਾਣਕਾਰੀ ਲਈ ਸੰਪਰਕ ਨੰਬਰ
ਭੁਪਿੰਦਰ ਸਿੰਘ ਖੋਸਾ 416-450-2434 ਬਲਰਾਜ ਸਿੰਘ ਗਿਲ 416-450-0566 ਸੁਖਦੇਵ ਸਿੰਘ ਕਾਹਲੋਂ 674-242-8369
ਸੁਖਜੀਤ ਸਿੰਘ ਕੰਗ 647-200-5264 ਅਜਾਇਬ ਸਿੰਘ ਸੇਖੋਂ 905-915-9534 ਹਰਚੰਦ ਸਿੰਘ ਬਾਸੀ 437-772-3854







# ਬਾਰਿਸ਼ 'ਚ ਫੰਗਲ ਇਨਫੈਕਸ਼ਨ ਤੋਂ ਕਿਵੇਂ ਕਰੀਏ ਬਚਾਅ !



ਬਰਸਾਤ ਦੇ ਮੌਸਮ 'ਚ ਚਮੜੀ ਨਾਲ ਜੁੜੀਆਂ ਸਮੱਸਿਆਵਾਂ ਵਧ ਜਾਂਦੀਆਂ ਹਨ। ਇਸ ਮੌਸਮ ਵਿੱਚ ਫੰਗਲ ਇਨਫੈਕਸ਼ਨ ਸਭ ਤੋਂ ਵੱਧ ਹੁੰਦੀ ਹੈ। ਇਸ ਤੋਂ ਬਚਣ ਲਈ ਬਾਰਿਸ਼ 'ਚ ਭਿੱਜਣ ਤੋਂ ਬਚਣਾ ਚਾਹੀਦਾ ਹੈ। ਜੇਕਰ ਤੁਸੀਂ ਗਿੱਲੇ ਹੋ ਵੀ ਜਾਂਦੇ ਹੋ, ਤਾਂ ਤੁਹਾਨੂੰ ਜਲਦੀ ਆਪਣੇ ਕੱਪੜੇ ਬਦਲਣੇ ਚਾਹੀਦੇ ਹਨ ਅਤੇ ਆਪਣੇ ਸਰੀਰ ਨੂੰ ਚੰਗੀ ਤਰ੍ਹਾਂ ਸੁਕਾ ਲੈਣਾ ਚਾਹੀਦਾ ਹੈ ਚਮੜੀ ਦੇ ਮਾਹਿਰ ਡਾਕਟਰ ਜੈਸਮੀਨ ਕੌਰ ਅਰੋੜਾ ਨੇ ਇਸ ਮੌਸਮ ਵਿੱਚ ਫੰਗਲ ਇਨਫੈਕਸ਼ਨ ਤੋਂ ਕਿਵੇਂ ਬਚਿਆ ਜਾ ਸਕਦਾ ਹੈ।

### ਅਪਣਾਓ ਇਹ ਸਾਵਧਾਨੀਆਂ

### ਢਿੱਲੇ ਕੱਪੜੇ ਪਾਓ

ਫੰਗਲ ਇਨਫੈਕਸ਼ਨ ਨੂੰ ਆਮ ਤੌਰ 'ਤੇ ਰਿੰਗਵਰਮ ਕਿਹਾ ਜਾਂਦਾ ਹੈ ਅਤੇ ਲੋਕ ਅਕਸਰ ਇਸ ਨੂੰ ਉਦੋਂ ਤੱਕ ਨਜ਼ਰਅੰਦਾਜ਼ ਕਰਦੇ ਹਨ ਜਦੋਂ ਤੱਕ ਇਹ ਇੱਕ ਵੱਡੀ ਸਮੱਸਿਆ ਨਹੀਂ ਬਣ ਜਾਂਦੀ। ਇਸ ਤੋਂ ਬਚਣ ਲਈ ਤੰਗ ਕੱਪੜੇ ਪਾਉਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਢਿੱਲੇ ਸੂਤੀ ਕੱਪੜੇ ਪਹਿਨਣੇ ਚਾਹੀਦੇ ਹਨ।

### ਗਿੱਲੇ ਕੱਪੜੇ ਨਾ ਪਹਿਨੋ

ਮੀਂਹ ਵਿੱਚ ਅੱਧੇ ਸੁੱਕੇ, ਗਿੱਲੇ ਕੱਪੜੇ ਅਤੇ ਜੁਰਾਬਾਂ ਪਹਿਨਣ ਨਾਲ ਵੀ ਫੰਗਲ ਇਨਫੈਕਸ਼ਨ ਦੀ ਸਮੱਸਿਆ ਵੱਧ ਜਾਂਦੀ ਹੈ। ਕੱਪੜੇ ਇਸਤਰੀ ਕਰਨ ਤੋਂ ਬਾਅਦ ਪਹਿਨਣੇ ਚਾਹੀਦੇ ਹਨ।

### ਦਿਲ ਨਾਲ ਦਵਾਈ ਨਾ ਲਓ

ਬਹੁਤ ਸਾਰੇ ਲੋਕ ਇਸ ਦੇ ਇਲਾਜ ਵਿਚ ਲਾਪਰਵਾਹੀ ਰੱਖਦੇ ਹਨ ਅਤੇ ਮੈਡੀਕਲ ਸਟੋਰਾਂ ਤੋਂ ਸਿੱਧੇ ਸਟੀਰੋਇਡ ਕਰੀਮ ਲਗਾਉਂਦੇ ਹਨ, ਜਿਸ ਨਾਲ ਤੁਰੰਤ ਰਾਹਤ ਮਿਲਦੀ ਹੈ, ਪਰ ਬਾਅਦ ਵਿਚ ਇਨਫੈਕਸ਼ਨ ਵਧ ਜਾਂਦੀ ਹੈ। ਇਸ ਕਾਰਨ ਫੰਗਲ ਇਨਫੈਕਸ਼ਨ ਨੂੰ ਠੀਕ ਕਰਨ 'ਚ ਸਮਾਂ ਲੱਗਦਾ ਹੈ।

### ਮੀਂਹ ਵਿੱਚ ਗਿੱਲੇ ਨਾ ਹੋਵੋ

ਇਸ ਦੇ ਨਾਲ ਹੀ ਇਸ ਮੌਸਮ 'ਚ ਵਾਲ ਝੜਨ ਅਤੇ ਡੈਂਡਰਫ ਦੀ ਸਮੱਸਿਆ ਵੀ ਜ਼ਿਆਦਾ ਹੁੰਦੀ ਹੈ। ਇਸ ਤੋਂ ਬਚਣ ਲਈ ਬਾਰਿਸ਼ ਵਿਚ ਭਿੱਜ ਨਾ ਜਾਓ ਅਤੇ ਆਪਣੇ ਵਾਲਾਂ ਨੂੰ ਜਲਦੀ ਸੁਕਾਓ। ਸੋਸ਼ਲ ਮੀਡੀਆ 'ਤੇ ਇਸ਼ਤਿਹਾਰ ਦੇਖ ਕੇ ਕਦੇ ਵੀ ਕੋਈ ਤੇਲ ਜਾਂ ਸ਼ੈਂਪੂ ਨਾ ਖਰੀਦੋ। ਇਨ੍ਹਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇੱਕ ਵਾਰ ਡਾਕਟਰ ਨਾਲ ਸਲਾਹ ਕਰੋ।

# ਔਰਤਾਂ ਲਈ ਵਰਦਾਨ ਤੋਂ ਘੱਟ ਨਹੀਂ Moringa

ਪੋਸ਼ਕ ਤੱਤਾਂ ਨਾਲ ਭਰਪੂਰ ਮੋਰਿੰਗਾ ਆਪਣੇ ਸ਼ਕਤੀਸ਼ਾਲੀ ਗੁਣਾਂ ਕਾਰਨ ਕਈ ਸਮੱਸਿਆਵਾਂ ਤੋਂ ਰਾਹਤ ਦਿਵਾਉਂਦਾ ਹੈ। ਇਹ ਪੌਸ਼ਟਿਕ ਤੱਤਾਂ ਨਾਲ ਭਰਪੂਰ ਪੌਦਾ ਹੈ ਜਿਸ ਵਿਚ ਵਿਟਾਮਿਨ, ਖਣਿਜ ਤੇ ਐਂਟੀਆਕਸੀਡੈਂਟਸ ਦੀ ਭਰਪੂਰ ਮਾਤਰਾ ਪਾਈ ਜਾਂਦੀ ਹੈ। ਇਸ ਦੇ ਔਸ਼ਧੀ ਗੁਣਾਂ ਕਾਰਨ ਇਸਨੂੰ ਚਮਤਕਾਰੀ ਦਰੱਖਤ ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਇਸ ਲਈ ਇਸਦੇ ਪੱਤਿਆਂ ਤੋਂ ਲੈ ਕੇ ਫੁੱਲਾਂ ਤੇ ਫਲੀਆਂ ਤਕ ਇਸਨੂੰ ਵੱਖ-ਵੱਖ ਤਰੀਕਿਆਂ ਨਾਲ ਵਰਤਿਆ ਜਾਂਦਾ ਹੈ।

ਆਮ ਤੌਰ 'ਤੇ ਲੋਕ ਭਾਰ ਘਟਾਉਣ, ਸਕਿਨ ਦੀ ਦੇਖਭਾਲ, ਵਾਲਾਂ ਦੀ ਦੇਖਭਾਲ ਤੇ ਹੋਰ ਸਮੱਸਿਆਵਾਂ ਲਈ ਕਈ ਤਰੀਕਿਆਂ ਨਾਲ ਮੋਰਿੰਗਾ ਦਾ ਲਾਭ ਲੈਂਦੇ ਹਨ। ਅਜਿਹੀ ਸਥਿਤੀ 'ਚ ਅੱਜ ਦੇ ਲੇਖ 'ਚ ਅਸੀਂ ਤੁਹਾਨੂੰ ਔਰਤਾਂ ਲਈ ਮੋਰਿੰਗਾ ਦੇ ਕੁਝ ਫਾਇਦੇ ਦੱਸਾਂਗੇ-

### ਵੇਟ ਮੈਨੇਜਮੈਂਟ 'ਚ ਫਾਇਦੇਮੰਦ

ਮੋਰਿੰਗਾ ਮੈਟਾਬੋਲਿਜ਼ਮ ਤੇ ਫੈਟ ਤੋੜਨ 'ਚ ਮਦਦ ਕਰਦਾ ਹੈ ਤੇ ਇਸ ਤਰ੍ਹਾਂ ਇਹ ਭਾਰ ਘਟਾਉਣ 'ਚ ਮਦਦਗਾਰ ਹੁੰਦਾ ਹੈ। ਅਜਿਹੀ ਸਥਿਤੀ 'ਚ ਜੋ ਔਰਤਾਂ ਆਪਣੇ ਭਾਰ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਆਪਣੀ ਖੁਰਾਕ 'ਚ ਮੋਰਿੰਗਾ ਨੂੰ ਸ਼ਾਮਲ ਕਰਨਾ ਚਾਹੀਦਾ ਹੈ।

### ਪਾਚਨ ਸਿਹਤ 'ਚ ਸੁਧਾਰ

ਇਸ 'ਚ ਭਰਪੂਰ ਮਾਤਰਾ 'ਚ ਫਾਈਬਰ ਹੁੰਦਾ ਹੈ ਜੋ ਪਾਚਨ ਕਿਰਿਆ ਨੂੰ ਠੀਕ ਕਰਨ 'ਚ ਮਦਦ ਕਰਦਾ ਹੈ। ਨਾਲ ਹੀ ਖੁਰਾਕ 'ਚ ਮੋਰਿੰਗਾ ਨੂੰ ਸ਼ਾਮਲ ਕਰਨਾ ਕਬਜ਼ ਰੋਕਣ 'ਚ ਮਦਦ ਕਰਦਾ ਹੈ ਜੋ ਕਿ ਵੱਖ-ਵੱਖ ਉਮਰ ਵਰਗ ਦੀਆਂ ਔਰਤਾਂ 'ਚ ਇਕ ਆਮ ਸਮੱਸਿਆ ਹੈ।

### ਪ੍ਰਜਣਨ ਸਿਹਤ ਨੂੰ ਬਿਹਤਰ ਬਣਾਏ

ਜਰਨਲ ਆਫ਼ ਐਥਨੋਫਾਰਮਾਕੋਲੋਜੀ ਅਨੁਸਾਰ ਮੋਰਿੰਗਾ ਹਾਰਮੋਨਸ ਨੂੰ ਸੰਤੁਲਿਤ ਕਰਨ ਤੇ ਔਰਤਾਂ 'ਚ ਉਪਜਾਊ ਸ਼ਕਤੀ ਸੁਧਾਰਨ ਲਈ ਜਾਣਿਆ ਜਾਂਦਾ ਹੈ। ਇਸ ਵਿਚ ਮੌਜੂਦ ਫਾਈਟੋਐਸਟ੍ਰੋਜਨ ਤੱਤ ਇਸ ਗੁਣ ਲਈ ਜ਼ਿੰਮੇਵਾਰ ਹੈ।

### ਬਲੱਡ ਸ਼ੂਗਰ ਕੰਟਰੋਲ ਕਰੇ

ਜੇਕਰ ਤੁਸੀਂ ਡਾਇਬਟੀਜ਼ ਦੇ ਮਰੀਜ਼ ਹੋ ਤਾਂ ਆਪਣੀ ਡਾਈਟ 'ਚ ਮੋਰਿੰਗਾ ਨੂੰ ਸ਼ਾਮਲ ਕਰਨਾ ਫਾਇਦੇਮੰਦ ਹੋਵੇਗਾ। ਇਹ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ ਜੋ ਕਿ ਟਾਈਪ 2 ਡਾਇਬਟੀਜ਼ ਨੂੰ ਰੋਕਣ ਲਈ ਮਹੱਤਵਪੂਰਨ ਹੈ।

### ਗਠੀਏ 'ਚ ਅਸਰਦਾਰ

ਇਸਦੇ ਐਂਟੀ-ਆਕਸੀਡੈਂਟ ਗੁਣਾਂ ਕਾਰਨ ਮੋਰਿੰਗਾ ਔਰਤਾਂ 'ਚ ਗਠੀਆ ਤੇ ਹੋਰ ਸੋਜ਼ਿਸ਼ ਸਬੰਧੀ ਸਮੱਸਿਆਵਾਂ ਦੇ ਲੱਛਣਾਂ ਨੂੰ ਘਟਾਉਂਦਾ ਹੈ।

### ਦਿਲ ਨੂੰ ਸਿਹਤਮੰਦ ਰੱਖੋ

ਅੱਜਕਲ੍ਹ ਔਰਤਾਂ 'ਚ ਵੀ ਦਿਲ ਨਾਲ ਜੁੜੀਆਂ ਸਮੱਸਿਆਵਾਂ ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ। ਅਜਿਹੀ ਸਥਿਤੀ 'ਚ ਮੋਰਿੰਗਾ ਨੂੰ ਆਪਣੀ ਖੁਰਾਕ 'ਚ ਸ਼ਾਮਲ ਕਰਨਾ ਕੋਲੈਸਟ੍ਰੋਲ ਦੇ ਪੱਧਰ ਨੂੰ ਘਟਾਉਣ 'ਚ ਮਦਦ ਕਰਦਾ ਹੈ ਜਿਸ ਨਾਲ ਹਾਰਟ ਡਿਜ਼ੀਜ਼ ਦਾ ਖ਼ਤਰਾ ਘੱਟ ਹੁੰਦਾ ਹੈ ਜੋ ਉਮਰ ਵਧਣ ਨਾਲ ਔਰਤਾਂ ਲਈ ਮਹੱਤਵਪੂਰਨ ਹੈ।

### ਸਕਿਨ ਨੂੰ ਹੈਲਦੀ ਬਣਾਏ

ਮੋਰਿੰਗਾ 'ਚ ਪਾਏ ਜਾਣ ਵਾਲੇ ਐਂਟੀਆਕਸੀਡੈਂਟਸ ਫ੍ਰੀ ਰੈਡੀਕਲਸ ਨਾਲ ਲੜਦੇ ਹਨ, ਝੁਰੜੀਆਂ ਨੂੰ ਘੱਟ ਕਰਦੇ ਹਨ ਤੇ ਸਕਿਨ ਨੂੰ ਜਵਾਨ ਰੱਖਣ ਵਿਚ ਮਦਦ ਕਰਦੇ ਹਨ। ਇਸ ਲਈ ਤੁਸੀਂ ਮੋਰਿੰਗਾ ਪਾਊਡਰ ਨੂੰ ਫੇਸ ਮਾਸਕ ਦੇ ਤੌਰ 'ਤੇ ਵਰਤ ਸਕਦੇ ਹੋ।

# ਅੰਤਰਰਾਸ਼ਟਰੀ ਯੁਵਕ ਦਿਵਸ 2024 : "ਕਲਿੱਕਸ ਤੋਂ ਤਰੱਕੀ ਤੱਕ- ਟਿਕਾਊ ਵਿਕਾਸ ਲਈ ਯੂਥ ਡਿਜੀਟਲ ਪਾਥਵੇਅ"



"ਅੰਤਰਰਾਸ਼ਟਰੀ ਯੁਵਕ ਦਿਵਸ 2024 ਦਾ ਥੀਮ ਹੈ- "ਕਲਿੱਕਸ ਤੋਂ ਤਰੱਕੀ ਤੱਕ: ਟਿਕਾਊ ਵਿਕਾਸ ਲਈ ਯੂਥ ਡਿਜੀਟਲ ਪਾਥਵੇਅ" ਨੌਜਵਾਨਾਂ ਦੇ ਡਿਜੀਟਲ ਯੋਗਦਾਨ ਦਾ ਜਸ਼ਨ ਮਨਾ ਕੇ, ਅਸੀਂ ਟਿਕਾਊ ਵਿਕਾਸ ਨੂੰ ਹਾਸਿਲ ਕਰਕੇ ਹੋਰ ਨਵੇਂਪਨ ਅਤੇ ਸਹਿਯੋਗ ਨੂੰ ਪ੍ਰੇਰਿਤ ਕਰ ਸਕਦੇ ਹਾਂ- ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ



Anil Dheer
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

**ਹੈਲਥ ਮੀਡੀਆ ਕੈਨੇਡਾ:** ਅੰਤਰਾਸ਼ਟਰੀ ਯੁਵਕ ਦਿਵਸ 2024 ਦੇ ਮੌਕੇ 'ਤੇ ਨੌਜਵਾਨਾਂ ਨੂੰ ਅੱਗੇ ਆਉਣ 'ਤੇ ਜ਼ੋਰ ਦੇਣ ਦੇ ਨਾਲ-ਨਾਲ ਡਿਜੀਟਲ ਵਿਸ਼ਵ ਪ੍ਰਤੀ ਹਰ ਪੱਧਰ 'ਤੇ ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ। ਨੌਜਵਾਨਾਂ ਦੇ ਡਿਜੀਟਲ ਯੋਗਦਾਨ ਦਾ ਜਸ਼ਨ ਮਨਾ ਕੇ, ਅਸੀਂ ਟਿਕਾਊ ਵਿਕਾਸ ਨੂੰ ਹਾਸਿਲ ਕਰਕੇ ਹੋਰ ਨਵੇਂਪਨ ਅਤੇ ਸਹਿਯੋਗ ਨੂੰ ਪ੍ਰੇਰਿਤ ਕਰ ਸਕਦੇ ਹਾਂ। ਅਜਿਹੇ ਅੰਤਰਰਾਸ਼ਟਰੀ ਪੱਧਰ ਵਾਲੀ ਕੋਸ਼ਿਸ਼ ਦੀ ਕਾਮਯਾਬੀ ਨੌਜਵਾਨਾਂ ਦੀ ਭਾਗੀਦਾਰੀ ਤੋਂ ਬਿਨਾ ਹਾਸਿਲ ਨਹੀਂ ਕੀਤੀ ਜਾ ਸਕਦੀ।

ਡਿਜੀਟਲਾਈਜ਼ੇਸ਼ਨ ਸਾਡੀ ਦੁਨੀਆ ਨੂੰ ਬਦਲ ਰਿਹਾ ਹੈ, ਟਿਕਾਊ ਵਿਕਾਸ ਨੂੰ ਤੇਜ਼ ਕਰਨ ਲਈ ਬੇਮਿਸਾਲ ਮੌਕੇ ਦਿੰਦਾ ਹੈ। ਡਿਜੀਟਲ ਤਕਨਾਲੋਜੀ- ਮੋਬਾਈਲ ਉਪਕਰਨ, ਸੇਵਾਵਾਂ ਅਤੇ ਨਕਲੀ ਖੁਫੀਆ ਟਿਕਾਊ ਵਿਕਾਸ ਟੀਚਿਆਂ ਨੂੰ ਅੱਗੇ ਵਧਾਉਣ 'ਚ ਸਹਾਇਕ ਹਨ। ਡਿਜੀਟਲ ਆਪਸੀ ਕ੍ਰਿਆਵਾਂ ਤੋਂ ਤਿਆਰ ਡੇਟਾ ਸਬੂਤ-ਅਧਾਰਿਤ ਫੈਸਲੇ ਲੈਣ ਦਾ ਸਮਰਥਨ ਕਰਦਾ ਹੈ।

12 ਅਗਸਤ, 2010 ਨੂੰ ਪਹਿਲੀ ਬਾਰ ਸੰਯੁਕਤ ਰਾਸ਼ਟਰ ਮਹਾਸਭਾ ਨੇ ਅੰਤਰਰਾਸ਼ਟਰੀ ਯੁਵਕ ਦਿਵਸ ਐਲਾਨ ਕੀਤਾ ਸੀ। ਇਸ ਦਾ ਮੁੱਖ ਉਦੇਸ਼ ਆਰਥਿਕ ਵਿਕਾਸ ਦੇ ਨਾਲ ਸ਼ਾਂਤੀ, ਕਾਨੂੰਨੀ ਮੁੱਦੇ ਅਤੇ ਮੌਜੂਦਾ ਤੇ ਆਉਣ ਵਾਲੀਆਂ ਚੁਣੌਤੀਆਂ ਦਾ ਮੁਕਾਬਲਾ ਅਤੇ ਮੁਸ਼ਕਲਾਂ ਪ੍ਰਤੀ ਵਿਸ਼ਵ ਜਾਗਰੁਕਤਾ ਪੈਦਾ ਕਰਨਾ ਹੈ। ਅੰਤਰਰਾਸ਼ਟਰੀ ਯੁਵਕ ਦਿਵਸ ਦੁਨਿਆ ਭਰ ਵਿਚ ਵੱਖ-ਵੱਖ ਤਰੀਕੇ ਨਾਲ ਚੁਣੌਤੀਆਂ ਦੇ ਮੁਕਾਬਲੇ ਲਈ ਜਾਗਰੂਕਤਾ ਸਮਾਗਮ, ਕਾਨਫਰੰਸਾਂ, ਪ੍ਰਦਰਸ਼ਨੀ, ਸਵੈਸੇਵੀ ਪ੍ਰਾਜੇਕਟ, ਅੰਤਰਰਾਸ਼ਟਰੀ ਖੇਡਾਂ ਦੁਆਰਾ ਕੀਤਾ ਜਾ ਰਿਹਾ ਹੈ। ਜਵਾਨੀ ਜ਼ਿੰਦਗੀ ਦਾ ਸਮਾਂ ਨਹੀਂ, ਮਨ ਦੀ ਹਾਲਤ ਹੈ। ਹਰ ਖੇਤਰ ਵਿਚ ਕਾਮਯਾਬੀ ਲਈ ਨੌਜਵਾਨਾਂ ਨੂੰ ਆਪਣੇ ਅੰਦਰ ਉਮੀਦ ਅਤੇ ਆਤਮ-ਵਿਸ਼ਵਾਸ ਨੂੰ ਕਾਇਮ ਰੱਖਣਾ ਹੈ। ਯੂ. ਐਨ ਦੇ ਏਜੰਡੇ ਵਿਚ 2030 ਤੱਕ ਹੋਰ ਚੁਣੌਤੀਆਂ ਜਿਵੇਂ ਸਿਹਤ ਸੰਭਾਲ, ਗਰੀਬੀ ਘਟਾਉਣ ਲਈ ਸਮਾਜਿਕ ਹਿੱਸੇਦਾਰੀ, ਮੌਸਮ ਵਿਚ ਤਬਦੀਲੀ ਅਤੇ ਜੈਵ ਵਿਭਿੰਨਤਾ ਦੀ ਸੰਭਾਲ ਵਗੈਰਾ ਦਾ ਵੀ ਖਿਆਲ ਰੱਖਣਾ ਹੈ। ਅੱਜ ਅਤੇ ਭਵਿੱਖ 'ਚ ਵਾਤਾਵਰਣ ਤਬਦੀਲੀ ਅਤੇ ਜਲਵਾਯੂ ਸੰਕਟ ਕਾਰਨ ਆਬਾਦੀ ਸਰੀਰਕ-ਮਾਨਸਿਕ ਸਮੱਸਿਆਵਾਂ ਦੇ ਘੇਰੇ 'ਚ ਆ ਰਹੀ ਹੈ। ਤਬਦੀਲੀ ਲਈ ਹੁਨਰ 'ਤੇ ਗ੍ਰੀਨ ਨੌਕਰੀਆਂ ਲਈ ਜਲਵਾਯੂ ਬਦਲਾਅ ਦੀ ਤਿਆਰੀ, ਹਰਿਆਲੀ ਉਸਾਰੀ, ਠੋਸ ਰਹਿੰਦ-ਖੂਹੰਦ ਪ੍ਰਬੰਧਨ ਆਦਿ ਵਰਗੇ ਖੇਤਰਾਂ ਲਈ ਵੀ ਜਾਗਰੂਕ ਕੀਤਾ ਜਾ ਰਿਹਾ ਹੈ।



### ਨੌਜਵਾਨਾਂ ਅੱਗੇ ਚੁਣੌਤੀਆਂ ਦਾ ਜਾਲ ਹੈ:

ਅੱਜ ਡਿਜੀਟਲ ਵਿਸ਼ਵ ਹੀ ਦੁਨੀਆ ਨੂੰ ਅੱਗੇ ਲੈ ਕੇ ਜਾ ਰਿਹਾ ਹੈ। ਵੱਧ ਰਿਹਾ ਸਕੈਮ, ਸਾਈਬਰ ਕ੍ਰਾਈਮ ਹਰ ਆਦਮੀ ਲਈ ਚੁਣੌਤੀ ਬਣ ਗਿਆ ਹੈ। ਹਰ ਉਮਰ ਦੇ ਲੋਕਾਂ ਨੂੰ ਜਾਗਰੁਕ ਹੋਣ ਦੀ ਲੋੜ ਹੈ।

24 ਘੰਟੇ ਸੋਸ਼ਲ ਮੀਡੀਆ ਵੱਟਸਅਪ, ਇੰਸਟਾਗ੍ਰਾਮ, ਫੇਸਬੁੱਕ, ਟਿੱਕਟਾਕ, ਟਵਿੱਟਰ, 'ਤੇ ਰਹਿਣ ਮੁਸ਼ਕਲਾਂ ਯਾਨਿ ਨੌਜਵਾਨਾਂ ਨੂੰ ਸਾਈਬਰ ਧੱਕੇਸ਼ਾਹੀ, ਸਲੋਟ-ਸ਼ਰਮ ਕਰਨ ਅਤੇ ਹੋਰ ਬਹੁਤ ਕੁੱਝ ਕਰ ਲਈ ਬੇਨਕਾਬ ਕਰ ਦਿੱਤਾ ਹੈ। ਗੈਰ-ਸਿਹਤਮੰਦ ਫੋਟੋ ਅਤੇ ਜਿਨਸੀ ਸਮੱਗਰੀ ਹਮੇਸ਼ਾ ਆਨਲਾਈਨ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇਜ਼ੀ ਨਾਲ ਬਿਮਾਰ ਕਰ ਰਹੀ ਹੈ।

ਹਾਈ ਸਕੂਲ ਦੇ ਵਿਦਿਆਰਥੀ ਕਰੀਬਨ 30% ਵੱਖ-ਵੱਖ ਕਿਸਮ ਦੇ ਡਰਗਜ਼ ਅਤੇ 45% ਅਲਕੋਹਲ ਦਾ ਇਸਤੇਮਾਲ ਕਰ ਰਹੇ ਹਨ। ਕਰੀਅਰ ਤੋਂ ਫੋਕਸ ਹਟਦਾ ਜਾ ਰਿਹਾ ਹੈ। ਬੱਚੇ ਅਤੇ ਨੌਜਵਾਨ, ਲਗਾਤਾਰ ਸਟ੍ਰੈਸ ਦੇ ਘੇਰੇ ਵਿਚ ਰਹਿਣ ਕਰਕੇ, ਯਾਨਿ ਮਾੜਾ ਸਟ੍ਰੈਸ ਹਰ ਪਲਾਨਿੰਗ ਫੇਲ ਕਰ ਰਿਹਾ ਹੈ।

ਬੇਰੋਜ਼ਗਾਰੀ ਅਤੇ ਭੰਬਲ ਭੂਸੇ ਦੇ ਮਾਹੌਲ ਵਿਚ ਅੱਜ ਦਾ ਨੌਜਵਾਨ ਸਹੀ ਰਸਤਾ ਲੱਭਣ ਲਈ ਭਟਕ ਰਿਹਾ ਹੈ। ਮਾਡਰਨ ਸਮਾਜ ਵਿਚ ਹਰ ਖੁਸ਼ੀ ਦੇ ਮਸਲੇ ਨੂੰ ਦੇਖਣ ਦਾ ਨਜ਼ਰੀਆ ਬਦਲ ਗਿਆ ਹੈ। ਕਾਮਯਾਬੀ ਲਈ ਕੰਪੀਟੀਸ਼ਨ ਸਿਰਫ ਪੈਸਾ-ਪੈਸਾ ਹੀ ਰਹਿ ਗਿਆ ਹੈ। ਹੋਰ-ਹੋਰ ਦੀ ਪ੍ਰਾਪਤੀ ਦੀ ਹੋੜ ਯੁਵਾ ਵਰਗ ਨੂੰ ਨਕਾਰਾਤਮਕ ਸੋਚ ਵੱਲ ਲੈ ਕੇ ਜਾ ਰਹੀ ਹੈ।

ਅੱਜ ਸਮਾਜ ਵਿਚ ਸ਼ਿਫਟਿੰਗ ਆਰਥਿਕਤਾ ਖੱਲੇ ਬਾਜਾਰਾਂ ਅਤੇ ਵਿਸ਼ਵੀਕਰਨ ਦਾ ਮਾਹੌਲ ਵੀ ਬੇਰੋਜ਼ਗਾਰੀ ਦੇ ਨਾਲ ਨੌਜਵਾਨਾਂ ਦੀ ਜ਼ਿੰਦਗੀ ਮੁਸ਼ਕਲਾਂ ਭਰੀ 'ਤੇ ਗੁੰਝਲਦਾਰ ਬਣ ਗਈ ਹੈ।

**ਨੋਟ:** ਨੌਜਵਾਨਾਂ ਦੇ ਡਿਜੀਟਲ ਯੋਗਦਾਨ ਦਾ ਜਸ਼ਨ ਮਨਾ ਕੇ, ਅਸੀਂ ਟਿਕਾਊ ਵਿਕਾਸ ਨੂੰ ਹਾਸਿਲ ਕਰਕੇ ਹੋਰ ਨਵੇਂਪਨ ਅਤੇ ਸਹਿਯੋਗ ਨੂੰ ਪ੍ਰੇਰਿਤ ਕਰ ਸਕਦੇ ਹਾਂ। ਅਜਿਹੇ ਅੰਤਰਰਾਸ਼ਟਰੀ ਪੱਧਰ ਵਾਲੀ ਕੋਸ਼ਿਸ਼ ਦੀ ਕਾਮਯਾਬੀ ਨੌਜਵਾਨਾਂ ਦੀ ਭਾਗੀਦਾਰੀ ਤੋਂ ਬਿਨਾ ਹਾਸਿਲ ਨਹੀਂ ਕੀਤੀ ਜਾ ਸਕਦੀ।













# ਰਾਸ਼ੀਫਲ

ਮੇਖ : ਦੂਸਰਿਆਂ ਦੀ ਆਲੋਚਨਾ ਵਿਚ ਸਮਾਂ ਨਾ ਖਰਾਬ ਕਰੋ ਕਿਉਂ ਕਿ ਇਸ ਦਾ ਬੁਰਾ ਅਸਰ ਤੁਹਾਡੀ ਸਿਹਤ ਤੇ ਪੈ ਸਕਦਾ ਹੈ। ਤੁਹਾਡੇ ਪਿਤਾ ਦੀ ਕੋਈ ਸਲਾਹ ਅੱਜ ਕੰਮ ਕਾਰ ਵਿਚ ਤੁਹਾਨੂੰ ਧੰਨ ਲਾਭ ਕਰਾ ਸਕਦੀ ਹੈ। ਪਰਿਵਾਰ ਦੇ ਮੈਂਬਰਾ ਦੀ ਲੋੜ ਨੂੰ ਤਰਜ਼ੀਹ ਦੇਵੋ ਉਨਾਂ ਦੇ ਦੁੱਖ ਅਤੇ ਸੁੱਖ ਵਿਚ ਹਿੱਸਾ ਬਣੋ ਤਾਂ ਕਿ ਉਨਾਂ ਨੂੰ ਮਹਿਸੂਸ ਹੋਵੇ ਕਿ ਤੁਸੀ ਵਾਕਈ ਉਨਾਂ ਦਾ ਖਿਆਲ ਰੱਖਦੇ ਹੋ। ਨਵੇਂ ਰਿਸ਼ਤੇ ਲਈ ਖੁਸ਼ਹਾਲੀ ਦੀ ਉਮੀਦ ਕਰੋ। ਬੇਹਤਰ ਕੰਮ ਕਾਰ ਦੇ ਚਲਦੇ ਤੁਹਾਨੂੰ ਤਾਰੀਫ ਮਿਲ ਸਕਦੀ ਹੈ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਆਪ ਨੂੰ ਸਮਝਣ ਦੀ ਲੋੜ ਹੈ ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੁਨੀਆਂ ਦੀ ਭੀੜ ਵਿਚ ਕਿਤੇ ਖੋ ਗਏ ਹੋ ਤਾਂ ਆਪਣੇ ਲਈ ਸਮਾਂ ਕੱਢੋ ਅਤੇ ਆਪਣੇ ਵਿਅਕਤਿਤਵ ਦਾ ਆਂਕਲਣ ਕਰੋ। ਦਿਨ ਸੱਚਮੁਚ ਰੋਮਾਂਟਿਕ ਹੈ ਨਾਲ ਵਧੀਆ ਖਾਣਾ, ਖੁਸ਼ਬੂ, ਖੁਸ਼ੀਆਂ ਤੁਸੀ ਆਪਣੇ ਹਮਦਮ ਦੇ ਨਾਲ ਬੇਹਤਰੀਨ ਸਮਾਂ ਬਿਤਾ ਸਕਦੇ ਹੋ।

ਬ੍ਰਿਸ਼ਭ : ਖਾਣ ਪੀਣ ਸਮੇਂ ਸਾਵਧਾਨ ਰਹੋ ਲਾਪਰਵਾਹੀ ਬਿਮਾਰੀ ਦੀ ਵਜਾਹ ਬਣ ਸਕਦੀ ਹੈ। ਤੁਸੀ ਅਜਿਹੇ ਸ੍ਰੋਤ ਤੋਂ ਪੈਸਾ ਕਮਾ ਸਕਦੇ ਹੋ ਜਿਸ ਬਾਰੇ ਤੁਸੀ ਪਹਿਲਾਂ ਸੋਚਿਆ ਵੀ ਨਹੀਂ। ਤੁਹਾਡੇ ਮਾਤਾ ਪਿਤਾ ਦੀ ਸਿਹਤ ਤੇ ਜ਼ਿਆਦਾ ਧਿਆਨ ਦਿੱਤੇ ਜਾਣ ਦੀ ਲੋੜ ਹੈ। ਤੁਹਾਡੇ ਪਿਆਰੇ ਜੀਵਨਸਾਥੀ ਦਾ ਫੋਨ ਤੁਹਾਡਾ ਦਿਨ ਬਣ ਦੇਵੇਗਾ। ਅੱਜ ਕੰਮਕਾਰ ਵਿਚ ਤੁਹਾਨੂੰ ਪਤਾ ਲੱਗ ਸਕਦਾ ਹੈ ਕਿ ਜਿਸ ਨੂੰ ਤੁਸੀ ਆਪਣਾ ਦੁਸ਼ਮਣ ਸਮਝਦੇ ਹੋ ਉਹ ਤੁਹਾਡਾ ਸ਼ੁਭਚਿੰਤਕ ਹੈ। ਮੁਸ਼ਕਿਲਾਂ ਦਾ ਤੇਜੀ ਨਾਲ ਮੁਕਾਬਲਾ ਕਰਦੇ ਸਮੇਂ ਤੁਹਾਡੀ ਸ਼ਮਤਾ ਤੁਹਾਨੂੰ ਖਾਸ ਪਹਿਚਾਣ ਦੇਵੇਗੀ। ਤੁਹਾਡੇ ਮਾਤਾ ਪਿਤਾ ਤੁਹਾਡੇ ਜੀਵਨਸਾਥੀ ਨੂੰ ਸੱਚਮੁਚ ਕੁਝ ਸ਼ਾਨਦਾਰ ਆਸ਼ੀਰਵਾਦ ਦੇਣ ਜਿਸ ਦੇ ਚਲਦੇ ਤੁਹਾਡੇ ਵਿਵਾਹਿਕ ਜੀਵਨ ਵਿਚ ਹੋਰ ਨਿਖਾਰ ਆਵੇਗਾ।

ਮਿਥੁਨ : ਮਨੋਵਿਗਿਆਨਿਕ ਡਰ ਤੁਹਾਨੂੰ ਬੈਚੇਨ ਕਰ ਸਕਦਾ ਹੈ ਸਾਕਾਰਾਤਮਕ ਸੋਚ ਅਤੇ ਹਾਲਾਤ ਦੇ ਉਲਝੇ ਪਹਿਲੂ ਨੂੰ ਦੇਖਣਾ ਤੁਹਾਨੂੰ ਇਸ ਤੋਂ ਬਚਾ ਸਕਦਾ ਹੈ। ਤੁਹਾਡੇ ਲਈ ਨਿਵੇਸ਼ ਕਰਨਾ ਕਈਂ ਵਾਰ ਬਹੁਤ ਲਾਭਦਾਇਕ ਸਾਬਿਤ ਹੋ ਸਕਦਾ ਹੈ ਅੱਜ ਤੁਹਾਨੂੰ ਇਹ ਗੱਲ ਸਮਝ ਵਿਚ ਆ ਜਾਵੇਗੀ ਕਿ ਕਿਸੇ ਪੁਰਾਣੇ ਨਿਵੇਸ਼ ਨਾਲ ਤੁਹਾਨੂੰ ਮੁਨਾਫਾ ਹੋ ਸਕਦਾ ਹੈ। ਪਤਨੀ ਜੀਵਨ ਵਿਚ ਬਦਲਾਅ ਲਿਆਉਣ ਲਈ ਮਦਦ ਕਰੇਗੀ ਆਪਣੇ ਆਪ ਨੂੰ ਇਕ ਜ਼ਿੰਦਾਦਿਲੀ ਇਨਸਾਨ ਬਣਾਉ ਜੋ ਜ਼ਿੰਦਗੀ ਨੂੰ ਆਪਣੀ ਮਿਹਨਤ ਅਤੇ ਆਪਣੇ ਢੰਗਾਂ ਨਾਲ ਬਦਲਣ ਨੂੰ ਪਸੰਦ ਕਰਦਾ ਹੈ ਨਾ ਕਿ ਦੂਜਿਆਂ ਦੇ ਝੁਕਣ ਵਿਚ। ਪਿਆਰ ਦੀ ਤਾਕਤ ਤੁਹਾਨੂੰ ਪਿਆਰ ਕਰਨ ਦਾ ਕਾਰਨ ਦਿੰਦੀ ਹੈ। ਕੰਮ ਕਾਰ ਤੋਂ ਬਾਅਦ ਤੁਹਾਡੇ ਸਹਿਕਰਮੀ ਤੁਹਾਨੂੰ ਕਿਸੇ ਛੋਟੇ ਘਰੇਲੂ ਉਤਸਵ ਤੇ ਬੁਲਾ ਸਕਦੇ ਹਨ। ਸ਼ਾਮ ਦੇ ਸਮੇਂ ਤੁਸੀ ਵਧੀਆ ਆਨੰਦ ਮਾਣ ਸਕਦੇ ਹੋ ਤੁਹਾਨੂੰ ਦਿਨ ਭਰ ਕੰਮ ਕਰਨ ਦੀ ਲੋੜ ਹੈ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਤੁਹਾਡਾ ਵਿਆਹ ਕਦੇ ਇਨਾ ਖੁਬਸੂਰਤ ਨਹੀਂ ਰਿਹਾ ਸੀ।

ਕਰਕ : ਸਿਹਤ ਨਾਲ ਜੁੜੀ ਪਰੇਸ਼ਾਨੀਆਂ ਅਸਹਿਜਤਾ ਦਾ ਕਾਰਨ ਬਣ ਸਕਦੀ ਹੈ। ਬੋਲਦੇ ਸਮੇਂ ਅਤੇ ਆਰਥਿਕ ਲੈਣ ਦੇਣ ਸਮੇਂ ਸਾਵਧਾਨੀ ਵਰਤਣ ਦੀ ਲੋੜ ਹੈ। ਇਕ ਪਰਿਵਾਰਿਕ ਪਰਿਯੋਜਨਾ ਵਿਚ ਤੁਸੀ ਸਭ ਧਿਆਨ ਦਾ ਕੇਂਦਰ ਹੋਣਗੇ। ਵਿਆਹ ਲਈ ਸਹੀ ਸਮਾਂ ਹੈ ਕਿਉਂ ਕਿ ਤੁਹਾਡਾ ਪਿਆਰ ਜੀਵਨ ਭਰ ਲਈ ਮੋੜ ਲੈ ਸਕਦਾ ਹੈ। ਦਫਤਰ ਵਿਚ ਕੰਮ ਤੇਜ਼ ਹੋਵੇਗਾ ਕਿਉਂ ਕਿ ਸਹਿਯੋਗੀ ਅਤੇ ਬਜ਼ੁਰਗ ਪੂਰਾ ਸਹਿਯੋਗ ਦਿੰਦੇ ਹਨ। ਇਸ ਰਾਸ਼ੀ ਦੇ ਚਿੰਨ੍ਹਾਂ ਨੂੰ ਅੱਜ ਖਾਲੀ ਸਮਾਂ ਕਿਸੇ ਸਮੱਸਿਆਂ ਜਾ ਸਮਾਧਾਨ ਕੱਢਣ ਦੀ ਕੋਸ਼ਿਸ਼ ਕਰ ਸਕਦੇ ਹਨ। ਤੁਹਾਡੇ ਮਾਤਾ ਪਿਤਾ ਤੁਹਾਡੇ ਜੀਵਨਸਾਥੀ ਨੂੰ ਸੱਚਮੁਚ ਕੁਝ ਸ਼ਾਨਦਾਰ ਆਸ਼ੀਰਵਾਦ ਦੇਣ ਜਿਸ ਦੇ ਚਲਦੇ ਤੁਹਾਡੇ ਵਿਵਾਹਿਕ ਜੀਵਨ ਵਿਚ ਹੋਰ ਨਿਖਾਰ ਆਵੇਗਾ।

ਸਿੰਘ : ਅੱਜ ਦਾ ਦਿਨ ਉਹਨਾਂ ਦਿਨਾਂ ਦੀ ਤਰਾਂ ਨਹੀਂ ਹੈ ਜਦੋਂ ਤੁਸੀ ਕਿਸਮਤ ਵਾਲੇ ਸਾਬਿਤ ਹੁੰਦੇ ਹੋ ਇਸ ਲਈ ਅੱਜ ਜੋ ਕੁਝ ਵੀ ਬੋਲੋ ਸੋਚ ਸਮਝ ਕੇ ਬੋਲੋ ਕਿਉਂ ਕਿ ਥੋੜੀ ਜਿਹੀ ਬਾਤਚੀਤ ਦਿਨਭਰ ਖਿੱਚ ਕੇ ਵੱਡੇ ਵਿਵਾਦ ਦਾ ਰੂਪ ਲੈ ਸਕਦੀ ਹੈ ਅਤੇ ਤੁਹਾਨੂੰ ਤਨਾਵ ਦੇ ਪਲ ਵੀ ਦੇ ਸਕਦੀ ਹੈ। ਆਰਥਿਕ ਸਮੱਸਿਆਵਾਂ ਨੇ ਰਚਨਾਤਮਕ ਸੋਚਣ ਦੀ ਤੁਹਾਡੀ ਸ਼ਮਤਾ ਨੂੰ ਬੇਕਾਰ ਕਰ ਦਿੱਤਾ ਹੈ। ਪ੍ਰਭਾਵਸ਼ਾਲੀ ਅਤੇ ਮਹੱਤਵਪੂਰਨ ਲੋਕਾਂ ਨਾਲ ਗੱਲਬਾਤ ਵਧਾਉਣ ਦੇ ਲਈ ਸਮਾਜਿਕ ਗਤੀਵਿਧਿਆਂ ਲਈ ਚੰਗਾ ਮੋਕਾ ਹੈ। ਤੁਹਾਡੇ ਜੀਵਨਸਾਥੀ ਦੇ ਪਰਿਵਾਰਿਕ ਮੈਂਬਰ ਦੀ ਵਜਾਹ ਨਾਲ ਤੁਹਾਡਾ ਦਿਨ ਥੋੜਾ ਪਰੇਸ਼ਾਨੀ ਭਰਿਆ ਹੋ ਸਕਦਾ ਹੈ। ਅੱਜ ਕੰਮਕਾਰ ਵਿਚ ਤੁਹਾਨੂੰ ਪਤਾ ਲੱਗ ਸਕਦਾ ਹੈ ਕਿ ਜਿਸ ਨੂੰ ਤੁਸੀ ਆਪਣਾ ਦੁਸ਼ਮਣ ਸਮਝਦੇ ਹੋ ਉਹ ਤੁਹਾਡਾ ਸ਼ੁਭਚਿੰਤਕ ਹੈ। ਤੁਹਾਡੇ ਪਰਿਵਾਰਿਕ ਮੈਂਬਰ ਅੱਜ ਤੁਹਾਡੇ ਨਾਲ ਕਈਂ ਮੁਸ਼ਕਿਲਾਂ ਸਾਂਝਾ ਕਰਨਗੇ ਪਰੰਤੂ ਤੁਸੀ ਆਪਣੀ ਹੀ ਧੁੰਨ ਵਿਚ ਵਿਅਸਤ ਰਹੋਂਗੇ ਅਤੇ ਖਾਲੀ ਸਮੇਂ ਵਿਚ ਕੁਝ ਅਜਿਹਾ ਕਰੋਂਗੇ ਜੋ ਤੁਹਾਨੂੰ ਕਰਨਾ ਪਸੰਦ ਹੈ। ਤੁਹਾਡਾ ਜੀਵਨ ਸਾਥੀ ਤੁਹਾਡੀ ਯੋਜਨਾ ਜਾਂ ਪ੍ਰੋਜੈਕਟ ਵਿਚ ਗੜਬੜ ਪੈਦਾ ਕਰ ਸਕਦਾ ਹੈ ਸਬਰ ਨਾ ਹਾਰੋ।

ਕੰਨਿਆ: ਬੱਚੇ ਤੁਹਾਡੇ ਮੁਤਾਬਿਕ ਨਹੀਂ ਚੱਲਣਗੇ ਜੋ ਤੁਹਾਡੇ ਝੁਜ਼ਲਾਹਟ ਦੀ ਵਜਾਹ ਬਣ ਸਕਦੀ ਹੈ ਤੁਹਾਨੂੰ ਖੁਦ ਤੇ ਨਿਯੰਤਰਣ ਰੱਖਣਾ ਚਾਹੀਦਾ ਹੈ ਕਿਉਂ ਕਿ ਨਾਰਾਜ਼ਗੀ ਸਭ ਲਈ ਨੁਕਸਾਨਦੇਹ ਹੈ ਅਤੇ ਇਹ ਸੋਚਣ ਸਮਝਣ ਦੀ ਤਾਕਤ ਨੂੰ ਖਤਮ ਕਰ ਦਿੰਦਾ ਹੈ ਇਸ ਨਾਲ ਸਿਰਫ ਮੁਸ਼ਕਿਲ ਵਧਦੀ ਹੈ। ਆਰਥਿਕ ਦ੍ਰਿਸ਼ਟੀ ਤੋਂ ਅੱਜ ਦਾ ਦਿਨ ਮਿਲਿਆ ਜੁਲਿਆ ਹੈ ਅੱਜ ਤੁਹਾਨੂੰ ਧੰਨ ਲਾਭ ਹੋ ਸਕਦਾ ਹੈ ਪਰੰਤੂ ਇਸ ਦੇ ਲਈ ਤੁਹਾਨੂੰ ਸਖਤ ਮਿਹਨਤ ਦੀ ਲੋੜ ਹੈ। ਅਜਿਹੇ ਕੰਮਾਂ ਨੂੰ ਸ਼ੁਰੂ ਕਰਨ ਲਈ ਵਧੀਆ ਦਿਨ ਹੈ ਜਿਸ ਨਾਲ ਨੋਜਵਾਨ ਲੋਕ ਜੁੜੇ ਹੋਣ। ਅੱਜ ਦੇ ਦਿਨ ਪਿਆਰ ਦਾ ਬੁਖਾਰ ਤੁਹਾਡੇ ਸਿਰ ਤੇ ਚੜਨ ਲਈ ਤਿਆਰ ਹੈ ਇਸ ਦਾ ਅਨੁਭਵ ਕਰੋ ਤੁਹਾਡਾ ਪ੍ਰਭਾਵਸ਼ਾਲੀ ਸੁਭਾਅ ਤੁਹਾਡੇ ਕਰੀਬੀਆਂ ਲਈ ਆਲੋਚਨਾ ਦੀ ਵਜਾਹ ਬਣ ਸਕਦਾ ਹੈ। ਤੁਹਾਡਾ ਵਿਅਰਤਿਤਵ ਅਜਿਹਾ ਹੈ ਕਿ ਜਿਆਦਾ ਲੋਕਾਂ ਨਾਲ ਮਿਲ ਕੇ ਤੁਸੀ ਪਰੇਸ਼ਾਨ ਹੋ ਜਾਂਦੇ ਹੋ ਅਤੇ ਫਿਰ ਆਪਣੇ ਲਈ ਸਮਾਂ ਕੱਢਣ ਦੀ ਕੋਸ਼ਿਸ਼ ਕਰਨ ਲੱਗ ਜਾਂਦੇ ਹੋ। ਇਸ ਲਿਹਾਜ਼ ਨਾਲ ਅੱਜ ਦਾ ਦਿਨ ਤੁਹਾਡੇ ਲਈ ਬਹੁਤ ਉਮੀਦ ਵਾਲਾ ਰਹਿਣ ਵਾਲਾ ਹੈ ਅੱਜ ਤੁਹਾਨੂੰ ਆਪਣੇ ਲਈ ਸਹੀ ਸਮਾਂ ਮਿਲੇਗਾ। ਜਦੋਂ ਚੀਜਾਂ ਤੁਹਾਡੇ ਵਿਆਹੁਤ ਜੀਵਨ ਤੇ ਆਉਂਦੀਆਂ ਹਨ ਤਾਂ ਉਹ ਤੁਹਾਡੇ ਹੱਕ ਵਿਚ ਆ ਸਕਦੀਆਂ ਹਨ।

ਤੁਲਾ : ਆਪਣੇ ਮਨਮਰਜ਼ੀ ਅਤੇ ਜ਼ਿੱਦੀ ਸੁਭਾਅ ਨੂੰ ਕਾਬੂ ਵਿਚ ਰੱਖੋ ਖਾਸ ਤੌਰ ਤੇ ਕਿਸੇ ਜਲਸੇ ਜਾਂ ਪਾਰਟੀ ਵਿਚ। ਕਿਉਂ ਕਿ ਅਜਿਹਾ ਨਾ ਕਰਨ ਤੇ ਉੱਥੋਂ ਦਾ ਮਾਹੌਲ ਤਣਾਅ ਗ੍ਰਸਤ ਹੋ ਸਕਦਾ ਹੈ। ਆਰਥਿਕ ਦ੍ਰਿਸ਼ਟੀ ਤੋਂ ਅੱਜ ਦਾ ਦਿਨ ਮਿਲਿਆ ਜੁਲਿਆ ਹੈ ਅੱਜ ਤੁਹਾਨੂੰ ਧੰਨ ਲਾਭ ਹੋ ਸਕਦਾ ਹੈ ਪਰੰਤੂ ਇਸ ਦੇ ਲਈ ਤੁਹਾਨੂੰ ਸਖਤ ਮਿਹਨਤ ਦੀ ਲੋੜ ਹੈ। ਕਿਸੇ ਨਜ਼ਦੀਕੀ ਰਿਸ਼ਤੇਦਾਰ ਜਾਂ ਦੋਸਤ ਤੋਂ ਮਿਲੀ ਚੰਗੀ ਖਬਰ ਦੇ ਨਾਲ ਦਿਨ ਦੀ ਸ਼ੁਰੂਆਤ ਹੋਵੇਗੀ। ਤੁਹਾਨੂੰ ਆਪਣੇ ਜੀਵਨ ਸਾਥੀ ਨੂੰ ਆਪਣੀ ਸਥਿਤੀ ਸਮਝਾਉਣ ਵਿਚ ਮੁਸ਼ਕਿਲ ਹੋਵੇਗੀ। ਉਦਯੋਗਪਤੀ ਲੋਕਾਂ ਨਾਲ ਸਾਂਝੇਦਾਰੀ ਵਿਚ ਉਦਮ ਹੈ। ਆਪਣਾ ਸਮਾਂ ਅਤੇ ਤਾਕਤ ਦੂਜਿਆਂ ਦੀ ਮਦਦ ਕਰਨ ਤੇ ਅਰਪਣ ਕਰੋ ਪਰੰਤੂ ਅਜਿਹੇ ਮਾਮਲੇ ਵਿਚ ਸ਼ਾਮਲ ਹੋਣ ਤੋਂ ਬਚੋ ਜਿਨਾਂ ਨਾਲ ਤੁਹਾਡੀ ਕੋਈ ਲੈਣ ਦੇਣ ਨਹੀਂ ਹੈ। ਘਰੇਲੂ ਕੰਮ ਕਾਰ ਵਾਲੀ ਮਦਦ ਲਈ ਸ਼ਾਇਦ ਅੱਜ ਨਾ ਆਵੇ ਜੋ ਤੁਹਾਡੇ ਜੀਵਨ ਸਾਥੀ ਨਾਲ ਤਣਾਅ ਪੈਦਾ ਕਰ ਸਕਦੀ ਹੈ।

ਬ੍ਰਿਸ਼ਚਕ : ਚੋਕੰਨੇ ਰਹੋ ਕਿਉਂ ਕਿ ਕੋਈ ਤੁਹਾਨੂੰ ਬਲੀ ਦਾ ਬੱਕਰਾ ਬਣਾ ਸਕਦਾ ਹੈ ਤਣਾਅ ਅਤੇ ਚਿੰਤਾ ਵਿਚ ਵਾਧਾ ਸੰਭਵ ਹੈ। ਅੱਜ ਸਫਲਤਾ ਦਾ ਮੰਤਰ ਇਹ ਹੈ ਕਿ ਉਨਾਂ ਲੋਕਾਂ ਦੀ ਸਲਾਹ ਤੇ ਪੈਸੇ ਲਗਾਉ ਜੋ ਮੋਲਿਕ ਸੋਚ ਰੱਖਦੇ ਹਨ ਅਤੇ ਅਨੁਭਵੀ ਵੀ ਹਨ। ਘਰ ਰਿਸ਼ਤੇਦਾਰਾਂ ਦਾ ਆਉਣਾ ਦਿਨ ਨੂੰ ਵਧਿਆ ਅਤੇ ਹਾਸਾ ਭਰਿਆ ਬਣਾ ਦੇਵੇਗਾ। ਉਨਾਂ ਦੁਆਰਾ ਪਿਆਰ ਦਾ ਸੰਗੀਤ ਸੁਣਿਆਂ ਜਾਂਦਾ ਹੈ ਜੋ ਹਰ ਸਮੇਂ ਇਸ ਵਿਚ ਲੀਨ ਰਹਿੰਦੇ ਹਨ ਅੱਜ ਤੁਸੀ ਅਜਿਹਾ ਸੰਗੀਤ ਸੁਣੋਗੇ ਜਿਸ ਨਾਲ ਤੁਸੀ ਸੰਸਾਰ ਦੇ ਸਾਰੇ ਗਾਣੇ ਭੁੱਲ ਜਾਵੋਂਗੇ। ਅੱਜ ਅਨੁਭਵੀ ਲੋਕਾਂ ਨਾਲ ਜੁੜ ਕੇ ਜਾਣਨ ਦੀ ਕੋਸ਼ਿਸ਼ ਕਰੋ ਕਿ ਉਨਾਂ ਦਾ ਕੀ ਕਹਿਣਾ ਹੈ। ਆਪਣੀ ਰੁਝੇਵਿਆਂ ਭਰੀ ਜਿੰਦਗੀ ਦੇ ਵਿਚਕਾਰ ਤੁਸੀ ਆਪਣੇ ਲਈ ਅੱਜ ਕਾਫੀ ਸਮਾਂ ਪ੍ਰਾਪਤ ਕਰੋਂਗੇ ਅਤੇ ਆਪਣੀਆਂ ਮਨਪਸੰਦ ਚੀਜਾਂ ਕਰਨ ਦੇ ਯੋਗ ਹੋਵੋਂਗੇ। ਕਾਫੀ ਦਿਨ ਜ਼ਿੰਦਗੀ ਸੱਚਮੁਚ ਔਖੀ ਲਗਦੀ ਹੈ ਪਰੰਤੂ ਤੁਸੀ ਆਪਣੇ ਜੀਵਨ ਸਾਥੀ ਦੇ ਫਿਰਦੋਸੀ ਵਿਚ ਆਪਣੇ ਆਪ ਨੂੰ ਪਾਉਂਗੇ।

ਧਨੂੰ: ਅੱਜ ਤੁਸੀ ਬਹੁਤ ਸਰਗਰਮ ਅਤੇ ਚੁਸਤ ਰਹੋਂਗੇ ਤੁਹਾਡੀ ਸਿਹਤ ਤੁਹਾਡਾ ਪੂਰਾ ਸਾਥ ਦੇਵੇਗੀ ਕਈਂ ਵੱਡੀਆਂ ਯੋਜਨਾਵਾਂ ਅਤੇ ਵਿਚਾਰਾਂ ਦੇ ਜ਼ਰੀਏ ਤੁਹਾਡਾ ਧਿਆਨ ਆਕਰਸ਼ਿਤ ਕਰ ਸਕਦਾ ਹੈ ਕਿਸੇ ਵੀ ਤਰਾਂ ਦਾ ਨਿਵੇਸ਼ ਕਰਨ ਤੋਂ ਪਹਿਲਾਂ ਉਸ ਵਿਕਅਤੀ ਦੀ ਜਾਂਚ ਪੜਤਾਲ ਕਰ ਲਵੋ। ਦੂਜਿਆਂ ਦੀਆਂ ਕਮਜ਼ੋਰੀਆਂ ਲੱਭਣ ਦਾ ਗੈਰ ਜਰੂਰੀ ਕੰਮ ਰਿਸ਼ਤੇਦਾਰਾਂ ਦੀ ਆਲੋਚਨਾ ਦਾ ਰੁਖ ਤੁਹਾਡੇ ਵੱਲ ਮੁੜ ਸਕਦਾ ਹੈ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਕੇਵਲ ਸਮੇਂ ਦੀ ਬਰਬਾਦੀ ਹੈ ਅਤੇ ਇਸ ਤੋਂ ਕੁਝ ਹਾਸਿਲ ਨਹੀਂ ਹੋਵੇਗਾ ਚੰਗਾ ਰਹੇਗਾ ਕਿ ਤੁਸੀ ਆਪਣੀ ਇਹ ਆਦਤ ਛੱਡ ਦਿਉ। ਤੁਹਾਨੂੰ ਸਹੇਲੀ ਧੋਖਾ ਦੇ ਸਕਦੀ ਹੈ। ਕੈਰੀਅਰ ਦੀਆਂ ਬਿਹਤਰੀ ਲਈ ਕੀਤੀ ਗਈ ਯਾਤਰਾ ਪੂਰੀ ਹੋ ਸਕਦੀ ਹੈ ਅਜਿਹਾ ਕਰਨ ਤੋਂ ਪਹਿਲਾਂ ਆਪਣੇ ਮਾਪਿਆ ਦੀ ਇਜ਼ਾਜਤ ਲਵੋ ਨਹੀਂ ਤਾਂ ਬਾਅਦ ਵਿਚ ਇਤਰਾਜ਼ ਕਰ ਸਕਦੇ ਹਨ। ਤੁਹਾਡੇ ਕੋਲ ਸਮਾਂ ਤਾਂ ਹੋਵੇਗਾ ਪਰੰਤੂ ਬਾਵਜੂਦ ਇਸ ਦੇ ਕਿ ਤੁਸੀ ਕੁਝ ਅਜਿਹਾ ਨਹੀਂ ਕਰ ਪਾਉਂਗੇ ਜੋ ਤੁਹਾਨੂੰ ਸੰਤੁਸ਼ਟੀ ਦੇਵੇਗਾ। ਜੀਵਨ ਸਾਥੀ ਦੀ ਤਰਫ ਤੋਂ ਮਿਲੇ ਤਣਾਵ ਦੇ ਚਲਦੇ ਸਿਹਤ ਤੇ ਬੁਰਾ ਅਸਰ ਪੈ ਸਕਦਾ ਹੈ।

ਮਕਰ : ਅੱਜ ਤੁਸੀ ਬਹੁਤ ਸਰਗਰਮ ਅਤੇ ਚੁਸਤ ਰਹੋਂਗੇ ਤੁਹਾਡੀ ਸਿਹਤ ਤੁਹਾਡਾ ਪੂਰਾ ਸਾਥ ਦੇਵੇਗੀ ਕਈਂ ਵੱਡੀਆਂ ਯੋਜਨਾਵਾਂ ਅਤੇ ਵਿਚਾਰਾਂ ਦੇ ਜ਼ਰੀਏ ਤੁਹਾਡਾ ਧਿਆਨ ਆਕਰਸ਼ਿਤ ਕਰ ਸਕਦਾ ਹੈ ਕਿਸੇ ਵੀ ਤਰਾਂ ਦਾ ਨਿਵੇਸ਼ ਕਰਨ ਤੋਂ ਪਹਿਲਾਂ ਉਸ ਵਿਕਅਤੀ ਦੀ ਜਾਂਚ ਪੜਤਾਲ ਕਰ ਲਵੋ। ਦੂਜਿਆਂ ਦੀਆਂ ਕਮਜ਼ੋਰੀਆਂ ਲੱਭਣ ਦਾ ਗੈਰ ਜਰੂਰੀ ਕੰਮ ਰਿਸ਼ਤੇਦਾਰਾਂ ਦੀ ਆਲੋਚਨਾ ਦਾ ਰੁਖ ਤੁਹਾਡੇ ਵੱਲ ਮੁੜ ਸਕਦਾ ਹੈ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਕੇਵਲ ਸਮੇਂ ਦੀ ਬਰਬਾਦੀ ਹੈ ਅਤੇ ਇਸ ਤੋਂ ਕੁਝ ਹਾਸਿਲ ਨਹੀਂ ਹੋਵੇਗਾ ਚੰਗਾ ਰਹੇਗਾ ਕਿ ਤੁਸੀ ਆਪਣੀ ਇਹ ਆਦਤ ਛੱਡ ਦਿਉ। ਤੁਹਾਨੂੰ ਸਹੇਲੀ ਧੋਖਾ ਦੇ ਸਕਦੀ ਹੈ। ਕੈਰੀਅਰ ਦੀਆਂ ਬਿਹਤਰੀ ਲਈ ਕੀਤੀ ਗਈ ਯਾਤਰਾ ਪੂਰੀ ਹੋ ਸਕਦੀ ਹੈ ਅਜਿਹਾ ਕਰਨ ਤੋਂ ਪਹਿਲਾਂ ਆਪਣੇ ਮਾਪਿਆ ਦੀ ਇਜ਼ਾਜਤ ਲਵੋ ਨਹੀਂ ਤਾਂ ਬਾਅਦ ਵਿਚ ਇਤਰਾਜ਼ ਕਰ ਸਕਦੇ ਹਨ। ਤੁਹਾਡੇ ਕੋਲ ਸਮਾਂ ਤਾਂ ਹੋਵੇਗਾ ਪਰੰਤੂ ਬਾਵਜੂਦ ਇਸ ਦੇ ਕਿ ਤੁਸੀ ਕੁਝ ਅਜਿਹਾ ਨਹੀਂ ਕਰ ਪਾਉਂਗੇ ਜੋ ਤੁਹਾਨੂੰ ਸੰਤੁਸ਼ਟੀ ਦੇਵੇਗਾ। ਜੀਵਨ ਸਾਥੀ ਦੀ ਤਰਫ ਤੋਂ ਮਿਲੇ ਤਣਾਵ ਦੇ ਚਲਦੇ ਸਿਹਤ ਤੇ ਬੁਰਾ ਅਸਰ ਪੈ ਸਕਦਾ ਹੈ।

ਕੁੰਭ: ਸਿਹਤ ਨਾਲ ਜੁੜੀ ਸਮੱਸਿਆ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦਾ ਹੈ। ਪੈਸੇ ਦੀ ਆਵਾਜਾਈ ਲਗਾਤਾਰ ਸਾਰਾ ਦਿਨ ਹੁੰਦੀ ਰਹੇਗੀ ਅਤੇ ਦਿਨ ਦੇ ਖਤਮ ਹੋਣ ਤੋਂ ਬਾਅਦ ਤੁਸੀ ਬਚਤ ਕਰਨ ਵਿਚ ਵੀ ਸ਼ਮਤ ਹੋ ਪਾਉਂਗੇ। ਦੋਸਤ ਅਤੇ ਕਰੀਬੀ ਲੋਕ ਮਦਦ ਦੇ ਲਈ ਤੁਹਾਡੇ ਵੱਲ ਹੱਥ ਵਧਾਉਣਗੇ। ਜਿਹੜੇ ਲੋਕ ਹੁਣ ਤੱਕ ਛੜੇ ਹਨ ਉਨਾਂ ਦੀ ਮੁਲਾਕਾਤ ਅੱਜ ਕਿਸੇ ਖਾਸ ਨਾਲ ਹੋਣ ਦੀ ਸੰਭਾਵਨਾ ਹੈ ਪਰੰਤੂ ਗੱਲ ਨੂੰ ਅੱਗੇ ਵਧਾਉਣ ਤੋਂ ਪਹਿਲਾਂ ਇਹ ਜਰੂਰ ਜਾਣ ਲਵੋ ਕਿ ਕਿਤੇ ਉਹ ਸਖਸ਼ ਕਿਸੇ ਦੇ ਨਾਲ ਰਿਸ਼ਤੇ ਵਿਚ ਨਾ ਹੋ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡੇ ਪਰਿਵਾਰ ਦਾ ਸਹਿਯੋਗ ਹੀ ਕੰਮਕਾਰ ਵਿਚ ਤੁਹਾਡੇ ਚੰਗੇ ਪ੍ਰਦਸ਼ਨ ਦੇ ਲਈ ਜਿੰਮੇਦਾਰ ਹੈ। ਜਿਹੜੇ ਲੋਕਾਂ ਦੇ ਪਰਿਵਾਰ ਸ਼ਿਕਾਇਤ ਕਰਦੇ ਹਨ ਕਿ ਉਹ ਪਰਿਵਾਰ ਨੂੰ ਸਹੀ ਸਮਾਂ ਨਹੀਂ ਦੇ ਪਾਉਂਦੇ ਉਹ ਅੱਜ ਪਰਿਵਾਰ ਨੂੰ ਸਮਾਂ ਦੇਣ ਦੇ ਬਾਰੇ ਸੋਚ ਸਕਦੇ ਹਨ ਪਰੰਤੂ ਅਚਾਨਕ ਕਿਸੇ ਕੰਮ ਦੇ ਆਉਣ ਤੇ ਅਜਿਹਾ ਨਹੀਂ ਹੋ ਸਕੇਗਾ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡੇ ਬਿਹਤਰ ਅੱਧ ਦਾ ਕਿੰਨਾ ਅਰਥ ਹੈ।

ਮੀਨ: ਆਪਣੇ ਕੰਮ ਲਈ ਦੂਸਰਿਆਂ ਤੇ ਦਬਾਅ ਨਾ ਪਾਉ। ਦੂਜੇ ਲੋਕਾਂ ਦੀ ਇੱਛਾ ਅਤੇ ਦਿਲਚਸਪੀਆਂ ਤੇ ਵੀ ਧਿਆਨ ਦਿਉ ਇਸ ਨਾਲ ਤੁਹਾਨੂੰ ਦਿਲ ਦੀ ਖੁਸ਼ੀ ਹਾਸਿਲ ਹੋਵੇਗੀ। ਤੁਹਾਡੀਆਂ ਇਛਾਵਾਂ ਦੁਆਵਾਂ ਦੇ ਜ਼ਰੀਏ ਪੂਰੀਆਂ ਹੋਣਗੀਆਂ ਅਤੇ ਚੰਗੀ ਕਿਸਮਤ ਤੁਹਾਡੇ ਵੱਲ ਆਵੇਗੀ ਅਤੇ ਨਾਲ ਹੀ ਪਿਛਲੇ ਦਿਨ ਦੀ ਮਿਹਨਤ ਵੀ ਰੰਗ ਲਾਵੇਗੀ। ਘਰ ਨੂੰ ਸਜਾਉਣ ਦੇ ਲਈ ਆਪਣੇ ਖਾਲੀ ਸਮੇਂ ਦਾ ਉਪਯੋਗ ਕਰੋ ਇਸ ਨਾਲ ਪਰਿਵਾਰ ਤੁਹਾਡੀ ਪ੍ਰਸੰਸਾ ਕਰੇਗਾ। ਪਿਆਰ ਅਤੇ ਰੋਮਾਂਸ ਤੁਹਾਡੇ ਮੂਡ ਨੂੰ ਖੁਸ਼ੀ ਭਰਿਆ ਰੱਖਣਗੇ। ਕੰਮਕਾਰ ਦੇ ਨਜ਼ਰੀਏ ਤੋਂ ਅੱਜ ਦਾ ਦਿਨ ਵਾਕਈ ਸੁਚਾਰੂ ਰੂਪ ਨਾਲ ਚੱਲੇਗਾ। ਤੁਹਾਨੂੰ ਆਪਣੇ ਦਾਇਰੇ ਤੋਂ ਬਾਹਰ ਨਿਕਲਕੇ ਅਤੇ ਕੂਹਣੀਆਂ ਰਗੜ ਕੇ ਉੱਚੇ ਸਥਾਨਾਂ ਤੇ ਲੋਕਾਂ ਨਾਲ ਮਿਲਣ ਜੁਲਣ ਦੀ ਲੋੜ ਹੈ। ਅੱਜ ਤੁਸੀ ਜਾਣੋਗੇ ਕਿ ਬੇਹਤਰੀਨ ਪਾਰਟਨਰ ਨਾਲ ਕਿਵੇਂ ਮਹਿਸੂਸ ਹੁੰਦਾ ਹੈ।

# ਹੱਥ ਝਾੜਨਾ



ਹੱਥ ਝਾੜਨਾ /ਹੱਥ ਹੌਲਾ ਕਰਨਾ ਆਮਤੌਰ ਤੇ ਪੁਰਾਤਨ ਸੱਭਿਆਚਾਰ ਵਿੱਚ ਸੁਣਿਆ ਅਤੇ ਵੇਖਿਆ ਗਿਆ ਹੈ। ਹੱਥ ਝਾੜਣ ਦਾ ਅਰਥ ਕਿਸੇ ਦੀ ਮਦਦ ਕਰਨਾ ਅਤੇ ਜਾਦੂ ਟੂਣਾ ਕਰਨ ਵਾਲੇ ਵੀ ਇਸ ਸ਼ਬਦ ਦੀ ਵਰਤੋਂ ਕਰਦੇ ਹਨ। ਅਣਪੜ੍ਹ ਵਿਅਕਤੀ ਆਮ ਚਰਚਾ/ਖੁੰਡ ਚਰਚਾ ਸਮੇ ਕਾਫੀ ਵਿਚਾਰਾਂ ਕਰਦੇ ਹਨ। ਸਰਦੇ ਪੁੱਜਦੇ ਲੋਕ ਜਿਆਦਾਤਰ ਹੱਥ ਝਾੜ ਦਿੰਦੇ ਸਨ।

ਪੁਰਾਤਨ ਸਮਿਆਂ ਵਿੱਚ ਅਨਪੜਤਾ ਦਾ ਬੋਲ ਬਾਲਾ ਜਿਆਦਾ ਸੀ। ਪੜਾਈ ਕਿਸੇ ਵਿਰਲੇ ਦੇ ਹਿੱਸੇ ਆਉਂਦੀ ਸੀ। ਪੜ੍ਹਾਈ ਗਰੀਬ ਵਰਗ ਦੇ ਬੱਚਿਆਂ ਨੇੜੇ ਵੀ ਢੁੱਕਦੀ ਨਹੀ ਸੀ,ਕਿਉਕਿ ਉਸ ਸਮੇ ਦੇ ਪ੍ਰਬੰਧ ਨੇ ਵਰੁਣ ਵੰਡ ਵਿੱਚ ਉਲਝਾਇਆ ਹੋਇਆ ਸੀ। ਬ੍ਰਹਮਣ, ਖਤਰੀ,ਸੂਦ,ਵੈਸ਼ ਵਿੱਚ ਅੱਗੇ ਜਾਤਾਂ ਵਿੱਚ ਮਨੁੱਖ ਵੰਡਿਆ ਹੋਇਆ ਹੈ। ਜਾਤ-ਪਾਤ ਕਰਕੇ ਹੀ ਉਚ ਨੀਚ ਦਾ ਬੋਲ ਬਾਲਾ ਹੈ। ਇਸੇ ਕਾਰਨ ਸੂਦਰਾਂ ਨੂੰ ਪੜਾਈ ਤੋਂ ਵਾਂਝਾ ਰੱਖਿਆ ਹੋਇਆ ਸੀ। ਗਰੀਬੀ ਦਾ ਕਾਰਨ ਅਣਪੜਤਾ ਵੀ ਸੀ।

ਅਣਪੜ੍ਹ ਹੋਣ ਕਰਕੇ ਹੀ ਲੋਕ ਜਾਦੂ ਟੂਣੇ,ਵਹਿਮ ਭਰਮ ਵਿਚ ਜਿਆਦਾ ਵਿਸਵਾਸ਼ ਰੱਖਦੇ ਸਨ। ਸਿਆਣਪ ਕਰਨ ਵਾਲੇ ਲੋਕ ਦੁਨੀਆ ਨੂੰ ਵਹਿਮ ਭਰਮ ਵਿਚ ਪਾ ਕੇ ਆਪਣਾ ਉੱਲੂ ਸਿੱਧਾ ਰੱਖਦੇ ਸਨ। ਲੋਕਾਈ ਨੂੰ ਇਕ ਦੂਜੇ ਪ੍ਰਤੀ ਵਹਿਮ ਭਰਮ ਵਿਚ ਪਾ ਕੇ ਰੱਖਦੇ ਸਨ। ਟੂਣੇ ਟਾਮਣ ਕਰਨ ਲਈ ਜਨਤਾ ਦਾ ਖਰਚਾ ਬਹੁਤ ਹੁੰਦਾ ਸੀ। ਕਈ ਵਾਰ ਪੜੇ ਲਿਖੇ ਲੋਕ ਵੀ ਇੰਨਾ ਦੇ ਝਾਂਸੇ ਵਿੱਚ ਆ ਕੇ ਲੁੱਟਾਈ ਖਾਂਦੇ ਸਨ। ਗਰੀਬ ਵਰਗ ਜਿਆਦਾਤਰ ਬਿਮਾਰੀ ਦੇ ਇਲਾਜ ਲਈ ਡਾਕਟਰ ਵੈਦ ਕੋਲ ਜਾਣ ਦੀ ਬਜਾਏ ਸਿਆਣਿਆਂ ਦੇ ਡੇਰਿਆਂ ਉਪਰ ਜਾਂਦੇ ਹਨ। ਬਿਮਾਰੀ ਦੇ ਇਲਾਜ ਲਈ ਸਿਆਣਪੀ ਲੋਕ ਹੱਥ ਹੌਲਾ,ਝਾੜਾ ਕਰਦੇ ਹਨ। ਸਿੱਖ ਧਰਮ ਨੂੰ ਮੰਨਣ ਵਾਲੇ ਅਤੇ ਪੜਿਆ ਲਿਖਿਆ ਵਰਗ ਇੰਨਾ ਟੂਣੇ ਟਾਲਣ,ਹੱਥ ਹੌਲਿਆਂ ਅਤੇ ਝਾੜਿਆਂ ਵਿੱਚ ਵਿਸ਼ਵਾਸ ਨਹੀ ਕਰਦੇ। ਹਮੇਸ਼ਾ ਹੀ ਤਰਕ ਦੇ ਆਧਾਰ ਤੇ ਗੱਲ ਕਰਨੀ ਚਾਹੀਂਦੀ ਹੈ।

ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਜੀ ਨੇ ਭਾਰਤੀ ਸੰਵਿਧਾਨ ਵਿੱਚ ਮਨੁੱਖਤਾ ਦੇ ਭਲੇ ਦੀ ਗੱਲ ਕੀਤੀ ਹੈ।

ਸਿੱਖ ਧਰਮ ਦੇ ਅਨੁਆਈ ਹਮੇਸ਼ਾਂ ਹੀ ਗਰੀਬ ਵਰਗ ਦੇ ਮੱਦਦਗਾਰ ਰਹਿੰਦੇ ਹਨ। ਗਰੀਬ ਪਰਿਵਾਰ ਦੀਆਂ ਲੜਕੀਆਂ ਦੇ ਵਿਆਹ ਵੀ ਕੀਤੇ ਜਾਂਦੇ ਹਨ। ਅਜੋਕੇ ਸਮੇ ਵੀ ਸੰਸਾਰ ਭਰ ਵਿੱਚ ਕਿਤੇ ਵੀ ਬਿਪਤਾ ਪਈ ਤਾਂ ਖਾਲਸਾ ਪੰਥ ਉੱਥੇ ਬਹੁੜਿਆ ਹੈ। ਖਾਲਸਾ ਪੰਥ ਦੀ ਸੋਚ ਹੀ ਨਿਰਾਲੀ ਹੈ। ਜਿਥੇ ਸਰਕਾਰਾਂ ਬੇਬਸ ਹੋ ਜਾਂਦੀਆ ਨੇ,ਖਾਲਸਾ ਪੰਥ ਨੇ ਉੱਥੇ ਵੀ ਝੰਡੇ ਗੱਡੇ ਹਨ। ਜਿਵੇ ਕਿ ਲੌਕਡਾਊਨ ਸਮੇ ਵਾਪਰਿਆ ਹੈ। ਘਰਾਂ ਵਿੱਚੋ ਬਾਹਰ ਨਿਕਲਣ ਦੀ ਪਾਬੰਦੀ ਸੀ। ਲੋਕ ਤ੍ਰਾਹ ਤ੍ਰਾਹ ਕਰ ਰਹੇ ਸਨ। ਲੋਕਾਂ ਨੂੰ ਢਿੱਡ ਭਰਨ ਦਾ ਲਾਲਾ ਲਗਿਆ ਹੋਇਆ ਸੀ ਤਦ ਵੀ ਖਾਲਸਾ ਪੰਥ ਅਤੇ ਦਿਆਵਾਨ ਲੋਕਾਂ ਨੇ ਲੰਗਰ ਲਗਾਏ ਸਨ। ਗੁਰਦੁਆਰਾ ਸਾਹਿਬ ਵਿਚ ਲੰਗਰ ਅਟੁੱਟ ਵਰਤਾਇਆ ਜਾਂਦਾ ਹੈ। ਕਿਸੇ ਨਾਲ ਜਾਤ ਦਾ ਵਿਤਕਰਾ ਨਹੀ ਕੀਤਾ ਜਾਂਦਾ। ਜੋ ਪ੍ਰਾਣੀ ਵਿਤਕਰਾ ਕਰਦਾ ,ਉਹ ਗੁਰੂ ਦਾ ਸਿੱਖ ਨਹੀ ਹੋ ਸਕਦਾ। ਸਿੱਖ ਧਰਮ ਦੀ ਵਿਚਾਰਧਾਰਾ ਹੀ ਮਨੁੱਖ ਦੇ ਭਲੇ ਲਈ ਹੈ। ਗੁਰੂ ਸਾਹਿਬ ਦਾ ਸੱਚਾ ਸਿੱਖ ਕਦੇ ਵੀ ਗੁਰੂ ਦੇ ਸਿਧਾਂਤ ਤੋਂ ਬਾਹਰ ਨਹੀ ਜਾਂਦਾ।

ਨਾਨਕ ਨਾਮ ਚੜਦੀ ਕਲਾ।

ਤੇਰੇ ਭਾਣੇ ਸਰਬੱਤ ਦਾ ਭਲਾ।

ਮਾਨਸ ਕੀ ਜਾਤ ਸਭੈ ਏਕੋ ਪਹਿਚਾਣਬੋ।

ਖਾਲਸਾ ਪੰਥ ਦੀ ਸਾਜਨਾ ਹੀ ਮਨੁੱਖਤਾ ਦੇ ਭਲੇ ਲਈ ਹੋਈ ਹੈ।

ਇਸ ਲਈ ਮਨੁੱਖ ਨੂੰ ਹਮੇਸ਼ਾ ਹੀ ਤਰਕਸ਼ੀਲ ਰਹਿਣਾ ਚਾਹੀਦਾ ਹੈ। ਬੱਚਿਆ ਨੂੰ ਪੜਾਈ ਜਰੂਰ ਕਰਾਉਣੀ ਚਾਹੀਦੀ ਹੈ। ਟੂਣੇ ਟਾਮਣ, ਵਹਿਮ ਭਰਮ ਵਿਚ ਨਹੀ ਪੈਣਾ ਚਾਹੀਦਾ। ਮਨੁੱਖ ਨੂੰ ਗਰੀਬ ਵਰਗ ਲਈ ਹੱਥ ਝਾੜਦੇ ਰਹਿਣਾ ਚਾਹੀਦਾ ਹੈ।



ਹਰਜਿੰਦਰ ਸਿੰਘ
ਖੰਨਾ
62805-89127

## ਕਵਿਤਾ - ਕਮਲੀਏ

ਕਮਲੀਏ ਤੂੰ ਮੈਨੂੰ ਹੀ,
ਕਹਿੰਦੀ ਰਹਿੰਦੀ ਕਮਲਾ,
ਕਮਲ ਤਾਂ ਤੂੰ ਕਮਲੀਏ,
ਰਹਿੰਦੀ ਖ਼ੁਦ ਹੀ ਖਿਲਾਰਦੀ।
ਜਾਣਦਿਆਂ ਹੋਇਆਂ ਸਭ ਕੁਝ,
ਪਤਾ ਨਹੀਂ ਕਿਹੜੀ ਗੱਲੋਂ,
ਪਾਸਾ ਵੱਟ ਲੰਘੇ ਕੋਲੋਂ,
ਨਾ ਪਿਆਰ ਨਾਲ ਨਿਹਾਰਦੀ।

ਅਸੀਂ ਕਮਲੇ ਹਾਂ,
ਹਾਂ ਅਸੀਂ ਕਮਲੇ ਹਾਂ,
ਤੇਰੇ ਪਿੱਛੇ,ਅਸੀਂ ਆਪਣੀ,
ਹਰ ਖ਼ੁਹਾਇਸ਼ ਹੀ ਮਾਰਤੀ।
ਨਹੀਂ ਰਹਿੰਦਾ,ਹੁਣ ਕੁਝ ਯਾਦ ਮੈਨੂੰ,
ਸਿਰਫ਼ ਤੇਰਾ ਹੀ, ਖ਼ਿਆਲ ਰਹਿੰਦਾ ਏ,
ਬੈਠੇ ਪਾਲੀ ਪਿਆਰ ਤੇਰੇ ਲਈ,
ਤੇਰੇ ਲਈ ਹੀ ਸਾਰੀ ਦੁਨੀਆਂ ਵਿਸਾਰਤੀ।
ਹਾਂ,ਸਾਰੀ ਦੁਨੀਆਂ ਵਿਸਾਰਤੀ।
ਹਾਂ,ਹਰ ਖ਼ੁਹਾਇਸ਼ ਆਪਣੀ ਮਾਰਤੀ।

ਹੁਣ ਬਿਨ ਤੇਰੇ, ਕਿਸੇ ਨੂੰ ਵੀ ,
ਨਹੀਂ ਅਸੀਂ,ਤੱਕਣਾ ਚਾਹੁੰਦੇ।
ਬੈਠੀ ਰਹੇ ਭਾਵੇਂ, ਨਜ਼ਰਾਂ ਸਾਹਵੇਂ,ਉਮਰ ਭਰ,
ਨਹੀਂ ਅਸੀਂ, ਥੱਕਣਾ ਚਾਹੁੰਦੇ।

## ਕਿਸਮਤ

ਕੰਡਿਆਂ ਦੇ ਵਿਚ, ਵੰਡਿਆ ਗਿਆ,
ਮੇਰਾ ਪੋਟਾ ਪੋਟਾ।
ਪਤਾ ਨਹੀਂ ਕਿਸਮਤ ਖੋਟੀ ਸੀ,
ਜਾਂ ਦਿਲ ਦਾ ਖੋਟਾ ।
ਦੇਖੋ ਅਸਾਂ ਨੇ ਕਿਹੋ ਜਿਹੀ, ਕਿਸਮਤ ਲਿਖਾਈ ਹੈ,
ਸਾਡੇ ਹਿੱਸੇ ਆਇਆ ਨਾ,
ਕਦੇ ਚੰਨ ਦਾ ਟੋਟਾ।
ਹਰ ਕਿਸੇ ਨੂੰ ਖੁੱਲਾ ਵੰਡਿਆ, ਰੱਖਿਆ ਨਾ ਤੋਟਾ।
ਕਿਸਮਤ ਮਾੜੀ ਸਾਡੀ ਦੇਖੋ,
ਜਦ ਮੁੱਕਿਆ ਕੋਟਾ।
ਸਾਡੇ ਹਿੱਸੇ ਫੁੱਲ ਨਾ ਆਇਆ,
ਨਾ ਆਈਆਂ ਪੱਤੀਆਂ ਗੁਲਾਬ ਦੀਆਂ।
ਹੋਇਆ ਨਾ ਨਸੀਬ ,ਨਸ਼ਾ ਨੈਣਾਂ ਦਾ ,
ਆਦਤਾਂ ਮਾਰ ਗਈਆਂ,ਸ਼ਰਾਬ ਦੀਆਂ।

ਸਰਬਜੀਤ ਸੰਗਰੂਰਵੀ, 9463162463

# ਸੱਸ-ਨੂੰਹ 'ਚ ਵੀ ਮਾਵਾਂ-ਧੀਆਂ ਵਾਲਾ ਪਿਆਰ ਹੋ ਸਕਦੈ...



ਨਵੀਂ ਵਿਆਹੀ ਜਦੋਂ ਆਪਣੇ ਪੇਕੇ ਘਰ ਤੋਂ ਡੋਲੀ ਬੈਠ ਸੌਹਰੇ ਘਰ ਆਉਂਦੀ ਹੈ ਤਾਂ ਉਸ ਨਾਲ ਸੌਹਰੇ ਪਰਿਵਾਰ 'ਚ ਬਹੁਤ ਸਾਰੇ ਨਵੇਂ ਰਿਸ਼ਤੇ ਜੁੜਦੇ ਹਨ ਜਿਨ੍ਹਾਂ ਵਿਚ ਸੌਹਰਾ, ਜੇਠ, ਦਿਉਰ, ਨਨਾਣ, ਜਠਾਣੀ ਤੋਂ ਇਲਾਵਾ ਇਕ ਰਿਸ਼ਤਾ ਜੁੜਦਾ ਹੈ ਸੱਸ ਦਾ, ਜੋ ਕਿ ਰਿਸ਼ਤੇ ਵਿਚ ਪਤੀ ਦੀ ਮਾਂ ਹੁੰਦੀ ਹੈ। ਇਹ ਇਕ ਤਰ੍ਹਾਂ ਦਾ ਉਹ ਰਿਸ਼ਤਾ ਹੈ ਜਿਸ ਨੂੰ ਸਮਾਜ 'ਚ ਆਮਤੌਰ ਤੇ ਮਾੜੇ ਖਿਆਲਾਂ ਨਾਲ ਹੀ ਵੇਖਿਆ ਜਾਂਦਾ ਹੈ। ਕਹਿੰਦੇ ਹਨ ਕਿ ਨੂੰਹ ਸੱਸ ਦਾ ਰਿਸ਼ਤਾ ਵੱਗਦੀ ਨਦੀ ਵਾਂਗ ਹੁੰਦਾਂ ਹੈ ਜਿਸ ਦੇ ਦੋਵੇਂ ਕਿਨਾਰੇ ਵੱਖ-ਵੱਖ ਦਿਸ਼ਾ ਵੱਲ ਹੁੰਦੇ ਹਨ, ਜੋਕਿ ਆਪਸ ਵਿੱਚ ਕਦੀ ਨਹੀਂ ਮਿਲ ਸਕਦੇ। ਸਾਡੀਆਂ ਲੋਕ ਬੋਲੀਆਂ ਅਤੇ ਫ਼ਿਲਮਾਂ ਵਿੱਚ ਵੀ ਇਸ ਰਿਸ਼ਤੇ ਨੂੰ ਆਪਸੀ ਟਕਰਾਅ ਨਾਲ ਹੀ ਪੇਸ਼ ਕੀਤਾ ਜਾਂਦਾ ਹੈ। ਹਾਲਾਂਕਿ ਇਹ ਗੱਲ ਜਰੂਰੀ ਨਹੀਂ ਕਿ ਨੂੰਹ ਸੱਸ ਦੇ ਰਿਸ਼ਤੇ 'ਚ ਕੁੜਤਣ ਹੀ ਹੋਵੇ। ਬਹੁਤ ਸਾਰੇ ਘਰਾਂ 'ਚ ਨੂੰਹ ਸੱਸ ਵਿਚ ਮਾਵਾਂ ਧੀਆਂ ਵਾਲਾ ਪਿਆਰ ਵੀ ਵੇਖਣ ਨੂੰ ਮਿਲਦਾ ਹੈ। ਪਰ ਇਹ ਉਦੋਂ ਹੀ ਸੰਭਵ ਹੈ ਜਦੋਂ ਦੋਵੇਂ ਪੱਖ ਇੱਕ ਦੂੱਜੇ ਦੀਆਂ ਛੋਟੀਆਂ-ਵੱਡੀਆਂ ਗਲਤੀਆਂ ਨੂੰ ਮਾਫ ਕਰਦੇ ਹੋਏ ਇੱਕ ਦੂਜੇ ਨੂੰ ਸਮਝਣ ਅਤੇ ਮਾਨ ਸਨਮਾਨ ਦੇਣ, ਜਿਸ ਨਾਲ ਇਸ ਰਿਸ਼ਤੇ ਨੂੰ ਮਿਠਾਸ ਦਾ ਗੂੜ੍ਹਾ ਰੰਗ ਚੜ੍ਹਦਾ ਹੈ ਅਤੇ ਹੰਢਣਸਾਰ ਬਣਾਉਂਦਾ ਹੈ।

ਇਹ ਹਰੇਕ ਘਰ ਦਾ ਉਹ ਰਿਸ਼ਤਾ ਹੈ ਜਿਸ ਦੀ ਬੁਨਿਆਦ ਉਪਰ ਸਾਰਾ ਪਰਿਵਾਰ ਟਿਕਿਆ ਹੁੰਦਾਂ ਹੈ। ਇਕ ਐਸਾ ਰਿਸ਼ਤਾ ਜੋ ਪੂਰੇ ਪ੍ਰੀਵਾਰ ਨੂੰ ਖੇਰੂੰ ਖੇਰੂੰ ਵੀ ਕਰ ਸਕਦਾ ਹੈ ਅਤੇ ਖਿੱਲਰੇ ਹੋਏ ਪ੍ਰੀਵਾਰ ਨੂੰ ਇੱਕ ਮਾਲਾ ਵਿੱਚ ਪਰੋਕੇ ਰੱਖਣ ਦੀ ਸਮੱਰਥਾ ਵੀ ਰੱਖਦਾ ਹੈ।

ਇਸ ਰਿਸ਼ਤੇ ਵਿਚ ਪਿਆਰ, ਸਨਮਾਨ, ਅਤੇ ਸਹਿਯੋਗ ਦੀ ਖਾਸ ਅਹਿਮੀਅਤ ਹੁੰਦੀ ਹੈ। ਸੱਸ, ਜੋ ਪਰਿਵਾਰ 'ਚ ਵੱਡੀ ਹੈ,ਆਪਣੇ ਤਜਰਬੇ ਅਤੇ ਸਿਆਣਪ ਨਾਲ ਨੂੰਹ ਨੂੰ ਗਾਈਡ ਕਰਦੀ ਹੈ। ਦੂਸਰੇ ਪਾਸੇ, ਨੂਹ ਵੀ ਸੱਸ ਦਾ ਸਨਮਾਨ ਕਰਦੀ ਹੈ ਅਤੇ ਉਸ ਤੋਂ ਹਰ ਗਲ੍ਹ ਸਿੱਖਣ ਦੀ ਕੋਸ਼ਿਸ਼ ਕਰਦੀ ਹੈ। ਨੂੰਹ ਸੱਸ ਨੂੰ ਆਪਣੀ ਮਾਂ ਦੇ ਤੌਰ ਤੇ ਸਨਮਾਨ ਦੇਵੇ ਅਤੇ ਸੱਸ ਨੂਹ ਨੂੰ ਆਪਣੀ ਧੀ ਵਾਂਗ ਪਿਆਰ ਕਰੇ ਤਾਂ ਇਹ ਪਿਆਰ ਅਤੇ ਸਨਮਾਨ ਰਿਸ਼ਤੇ ਨੂੰ ਮਜ਼ਬੂਤ ਅਤੇ ਸਹਿਜ ਬਣਾਉਂਦਾ ਹੈ। ਜਿਸ ਨਾਲ ਨੂੰਹ ਸੱਸ ਦੇ ਰਿਸ਼ਤੇ ਦੀ ਉਮਰ ਲੰਬੀ ਹੁੰਦੀ ਹੈ।

ਬਹੁਤ ਘਰਾਂ 'ਚ ਨੂੰਹ ਸੱਸ ਦੇ ਪਿਆਰ ਭਰੇ ਰਿਸ਼ਤੇ ਜਿਉਂ ਦੇ ਤਿਉਂ ਕਾਇਮ ਹਨ ਕਿਉਂਕਿ ਉੱਥੇ ਵਿਸ਼ਵਾਸ ਦੀ ਨੀਂਹ ਮਜ਼ਬੂਤ ਹੈ। ਸ਼ਹਿਣਸ਼ੀਲਤਾ ਦੀ ਛੱਤ ਪੱਕੀ ਹੈ। ਪਿਆਰ ਦਾ ਚੰਗਾ ਸਾਫ਼ ਸੁਥਰਾ ਵਾਤਾਵਰਨ ਅੱਜ ਵੀ ਵੇਖਣ ਨੂੰ ਮਿਲਦਾ ਹੈ। ਇਸ ਰਿਸ਼ਤੇ ਵਿੱਚੋਂ ਹੀ ਅਸੀ ਅੱਗੇ ਉਨ੍ਹਾਂ ਵਿਸ਼ਵਾਸ ਪਾਤਰ ਲੋਕਾਂ ਨਾਲ ਰਿਸ਼ਤੇ ਜੋੜਦੇ ਹਾਂ ਜਿਨ੍ਹਾਂ 'ਤੇ ਸਾਨੂੰ ਯਕੀਨ ਹੁੰਦਾ ਹੈ। ਨੂੰਹ ਸੱਸ ਦੀ ਚੰਗੀ ਸੁਝ-ਬੂਝ ਅਤੇ ਸਨੇਹ ਭਰੇ ਤੌਰ ਤਰੀਕੇ ਨਾਲ ਨਿਭਾਇਆ ਗਿਆ ਇਹ ਰਿਸ਼ਤਾ ਪੀੜ੍ਹੀ ਦਰ ਪੀੜ੍ਹੀ ਮਿਸਾਲ ਬਣ ਸਾਂਝੇ ਪ੍ਰੀਵਾਰ ਦੀ ਨੀਂਹ ਰੱਖ ਘਰਾਂ 'ਚ ਖ਼ੁਸ਼ਨੁਮਾ ਮਾਹੌਲ ਦੀ ਸਿਰਜਣਾ ਕਰਦਾ ਹੈ।

ਸੱਸ ਅਤੇ ਨੂਹ ਦਾ ਰਿਸ਼ਤਾ ਇਸ ਗੱਲ ਦਾ ਪ੍ਰਤੀਕ ਹੁੰਦਾ ਹੈ ਕਿ ਕਿਵੇਂ ਪਿਆਰ ਅਤੇ ਸਹਿਯੋਗ ਦੇ ਨਾਲ ਦੋ ਪੀੜ੍ਹੀਆਂ ਇੱਕ ਦੂਸਰੇ ਦੇ ਨਾਲ ਰਹਿ ਸਕਦੀਆਂ ਹਨ। ਇਸ ਰਿਸ਼ਤੇ ਵਿੱਚ ਇੱਕ ਦੂਸਰੇ ਦੀ ਮੱਦਦ ਅਤੇ ਸਮਰਪਣ ਦੇ ਨਾਲ, ਪੂਰੇ ਪਰਿਵਾਰ ਵਿੱਚ ਖੁਸ਼ਹਾਲੀ ਅਤੇ ਸੰਤੁਸ਼ਟੀ ਬਣਾਈ ਰੱਖਣ ਦੀ ਸਲਾਹੀਅਤ ਹੁੰਦੀ ਹੈ।

ਇਸ ਤਰ੍ਹਾਂ, ਸੱਸ ਅਤੇ ਨੂੰਹ ਦਾ ਪਿਆਰ ਸਿਰਫ ਇੱਕ ਰਿਸ਼ਤਾ ਹੀ ਨਹੀਂ, ਬਲਕਿ ਇੱਕ ਦੂਸਰੇ ਦੇ ਸਨਮਾਨ, ਸਹਿਯੋਗ ਅਤੇ ਸਮਰਪਣ ਦਾ ਪ੍ਰਤੀਕ ਵੀ ਹੁੰਦਾ ਹੈ। ਇਹ ਰਿਸ਼ਤਾ ਪਰਿਵਾਰਕ ਮਾਨ-ਮਰਿਆਦਾ ਦਾ ਇੱਕ ਦਰਪਣ ਹੈ, ਜੋ ਕਿ ਸਾਡੇ ਸਮਾਜ ਦੀ ਨੇੜਤਾ ਅਤੇ ਮਜ਼ਬੂਤੀ ਲਈ ਬਹੁਤ ਜ਼ਰੂਰੀ ਹੈ।

ਸੋ ਆਓ, ਆਪਣੇ ਇਸ ਸੱਚੇ ਰਿਸ਼ਤੇ ਨੂੰ ਸੱਚੀ ਨੀਤ ਨਾਲ ਨਿਭਾਈਏ। ਜਿੱਥੇ ਇਸ ਰਿਸ਼ਤੇ 'ਚ ਨਫ਼ਰਤ ਦੀ ਜੰਗ ਲੱਗੇ ਉੱਥੇ ਹੀ ਇਸ ਵਿਚ ਮੁੜ ਪਿਆਰ ਦਾ ਤੇਲ ਪਾ ਨੂੰਹ ਸੱਸ ਦੋਵੇਂ ਹੀ ਇਸ ਰਿਸ਼ਤੇ ਨੂੰ ਮੁੜ ਨਵੀਂ ਰੌਸ਼ਨੀ ਦੇਣ। ਤਾਂ ਜੋ ਇਹ ਰਿਸ਼ਤਾ ਲੋਕ ਗੀਤਾਂ ਨਾਲੋ ਵੀ ਲੰਬੇਰੀ ਉਮਰ ਦਾ ਹੋਵੇ।



ਬੇਦੀ ਬਲਦੇਵ, ਜਲੰਧਰ

# ਗੀਤ- ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ....

ਹੋਈਆਂ ਰਾਜਨੀਤੀ ਸਿਰ ਲੱਖ ਲਾਹਨਤਾਂ,
ਵੱਢੇ ਵੀਰਾਂ ਹੱਥੋਂ ਗਏ ਜਦੋਂ ਵੀਰ ਨੇ।
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,
ਜਦੋਂ ਵੱਖ ਕੀਤੇ ਬਾਘੇ ਦੀ ਲਕੀਰ ਨੇ।

1. ਰਹਿੰਦੇ ਸਦੀਆਂ ਤੋਂ ਕੱਠੇ ਇੱਕੋ ਥਾਂ ਤੇ,
ਦੁੱਖਾਂ-ਸੁੱਖਾਂ ਵਿੱਚ ਬਣ ਭਾਈਵਾਲ ਜੀ।
ਸਾਂਝ ਦਿਲਾਂ ਵਾਲੀ ਕਿਸ ਨੇ ਮਿਟਾ ਦਿੱਤੀ,
ਪਲ ਭਰ ਲਈ ਵੀ ਆਇਆ ਨਾ ਖਿਆਲ ਜੀ।
ਕਿੱਦਾਂ ਨਫਰਤ ਘੁਲੀ ਸਾਰੇ ਖੂਨ 'ਚ,
ਜ਼ਹਿਰ ਛੱਡਿਆ ਅਜਿਹੇ ਕਿਹੜੇ ਤੀਰ ਨੇ ?
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,....

2. ਸਾਡੇ ਸਾਂਝੇ ਸਨ ਮੰਦਰਾਂ ਮਸੀਤਾਂ ਵੀ,
ਸਾਡੇ ਸਾਂਝੇ ਹੀ ਸੀ ਗੁਰੂ ਦੇ ਦੁਆਰ ਵੀ।
ਅੱਲਾ ਰਾਮ ਤੇ ਵਾਹਿਗੁਰੂ ਵੀ ਸਾਂਝੇ ਸੀ,
ਸਾਂਝਾ ਸਾਰਿਆਂ ਲਈ ਹੈ ਸੀ ਸਤਿਕਾਰ ਵੀ।
ਜਿਹੜੇ ਰੁੱਖਾਂ ਨੂੰ ਸੀ ਆਪ ਹੱਥੀਂ ਬੀਜਿਆ,
ਕਿਹੜੀ ਗੱਲੋਂ ਸਾਨੂੰ ਪੈ ਗਏ ਉਹ ਚੀਰਨੇ ?
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,....

3. ਸੋਚਾਂ ਵਿੱਚ ਸੀ ਭੁਚਾਲ ਕੇਹਾ ਆ ਗਿਆ,
ਸਾਰੇ ਲੀਡਰਾਂ ਦੀ ਬੋਲੀ ਪਏ ਬੋਲਦੇ।

ਹਿੰਦੂ ਸਿੱਖ ਤੇ ਮੁਸਲਮਾਨ ਸਾਰੇ ਹੀ,
ਕਾਹਤੋਂ ਮਜ਼ਹਬਾਂ ਦੀ ਤੱਕੜੀ 'ਚ ਤੋਲਦੇ ?
ਸਾਡੀ ਮੱਤ ਤਾਈਂ ਐਸਾ ਕਿਸ ਕੀਲਿਆ,
ਸਾਨੂੰ ਰੋਕਿਆ ਨਾ ਸਾਡੀ ਹੀ ਜ਼ਮੀਰ ਨੇ।
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,....

4. ਨਾਮ ਰੱਬ ਦਾ ਲੈ ਲੈ ਕੇ ਰਹੇ ਖੇਡਦੇ,
ਵੀਰ, ਵੀਰਾਂ ਦੇ ਹੀ ਖੂਨ ਨਾਲ ਹੋਲੀ ਜੀ।
ਜੀਹਨਾਂ ਭੈਣਾਂ ਪਿੱਛੇ ਜਿੰਦ ਵਾਰ ਦਿੰਦੇ ਸੀ,
ਪੱਤ ਉਹਨਾਂ ਦੀ ਬਜ਼ਾਰ ਵਿੱਚ ਰੋਲੀ ਜੀ।
ਕਿਤੇ ਟਾਕੂਏ ਤੇ ਛਵੀਆਂ ਨੇ ਚੱਲੀਆਂ,
ਕਿਤੇ ਵੱਢ-ਟੁੱਕ ਕੀਤੀ ਸ਼ਮਸ਼ੀਰ ਨੇ।
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,....

5. ਮਾਵਾਂ ਦੇਖ ਰਹੀਆਂ ਪੁੱਤ ਸਾਹਵੇਂ ਲੁੱਛਦੇ,
ਹੋਈਆਂ ਲੱਖਾਂ ਹੀ ਸੋਹਾਗਣਾਂ ਨੇ ਰੰਡੀਆਂ।
ਕਿਤੇ ਹਾਕਮ ਏ ਦੂਰ ਬੈਠਾ ਹੱਸਦਾ,
ਚਾਲ ਚੱਲ ਕੇ ਤੇ ਪਾਈਆਂ ਜਿਸ ਵੰਡੀਆਂ।
ਘਰ ਵੱਸਦੇ ਜਾਂ ਬਣ ਗਏ ਉਜਾੜ ਸੀ,
ਹੰਝੂ ਕੇਰੇ ਉਦੋਂ ਜੰਡ ਤੇ ਕਰੀਰ ਨੇ।
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,....

6. ਸੁਣੀ ਵੇਦਨਾ ਨਾ ਵਾਰਸ ਦੀ ਹੀਰ ਦੀ,
ਕਿਉਂ ਟੁੰਬਿਆ ਨਾ ਨਾਨਕ ਦੀ ਬਾਣੀ ਨੇ ?
ਜਾਲ ਜਾਣਿਆ ਨਾ ਮੱਛੀ ਉੱਥੇ ਫਸ ਗਈ,
ਜਿਹੜਾ ਤਾਣਿਆ ਸੀ ਸ਼ਾਤਰਾਂ ਦੀ ਢਾਣੀ ਨੇ ।

ਸਾਡੀ ਰੂਹ ਨਾ 'ਰੁਪਾਲ' ਵੰਡੀ ਜਾਵਣੀ,
ਭਾਵੇਂ ਵੰਡ ਦਿੱਤੇ ਗਏ ਇਹ ਸਰੀਰ ਨੇ।
ਡੂੰਘੇ ਕੀਰਨੇ ਪਾਏ ਨੇ ਪੰਜਾਂ ਪਾਣੀਆਂ,....



ਜਸਵਿੰਦਰ ਸਿੰਘ 'ਰੁਪਾਲ'
-9814715796-






# ਖਾਮੋਸ਼ੀ

## (ਕਹਾਣੀ)



ਪਿੱਛਲੇ ਚਾਰ ਸਾਲਾਂ ਵਿਚ ਦਰਜਨਾਂ ਵਾਰੀ ਮੇਰਾ ਦਿਲ ਚਾਹਿਆ ਹੈ ਜਿਲ ਕਿ ਤੈਨੂੰ ਖ਼ਤ ਲਿਖਾਂ—ਇਕ ਬੜਾ ਹੀ ਲੰਮਾਂ ਤੇ ਬੜਾ ਹੀ ਵਿਸਥਾਰ ਭਰਪੂਰ ਖ਼ਤ ਤੇ ਸ਼ਫਲੇਡ ਵਿਚ ਆਪਣੇ ਦੋ ਮੰਜ਼ਿਲਾ ਘਰ 'ਚੋਂ ਬਾਹਰ ਨਿਕਲਦਿਆਂ ਹੋਇਆਂ ਜਦੋਂ ਤੈਨੂੰ ਮੇਰਾ ਇਹ ਖ਼ਤ ਮਿਲੇ ਤਾਂ ਤੂੰ ਬਾਹਰ ਜਾਣ ਦਾ ਖ਼ਿਆਲ ਛੱਡ ਦੇਵੇਂ, ਘਰ ਦਾ ਅੱਧ ਖੁੱਲ੍ਹਿਆ ਦਰਵਾਜ਼ਾ ਬੰਦ ਕਰ ਦੇਵੇਂ ਤੇ ਮੇਰਾ ਖ਼ਤ ਆਪਣੇ ਨਰਮ ਹੱਥਾਂ ਵਿਚ ਫੜੀ ਉਸ ਕਮਰੇ ਵਿਚ ਪਰਤ ਆਵੇਂ...ਜਿੱਥੇ ਅਸੀਂ ਪਹਿਲੀ ਵਾਰ ਇਕ ਦੂਜੇ ਨੂੰ ਗਲ਼ ਲਾਇਆ ਸੀ। ਤੂੰ ਆਪਣਾ ਪੁਰਾਣਾ ਸਵੀਡ ਦਾ ਕੋਟ ਲਾਹ ਦੇਵੇਂ ਤੇ ਸੁਰਖ਼ ਰੇਸ਼ਮੀ ਸਕਾਰਫ਼ ਖੋਹਲ ਕੇ ਆਪਣੇ ਸੰਘਣੇ ਭੂਰੇ ਵਾਲਾਂ ਨੂੰ ਝਟਕਾ ਦੇਵੇਂ ਤੇ ਉਸੇ ਸੋਫੇ ਉੱਤੇ ਬੈਠ ਕੇ ਮੇਰਾ ਲੰਮਾਂ ਖ਼ਤ ਪੜ੍ਹਨ ਲੱਗੇਂ—ਕਦੀ ਕਾਹਲੀ-ਕਾਹਲੀ ਤੇ ਕਦੀ ਹੌਲੀ-ਹੌਲੀ ਤੇ ਤੇਰੀਆਂ ਬੇਫ਼ਿਕਰ ਸਲੇਟੀ ਅੱਖਾਂ ਦਾ ਰੰਗ ਬਦਲਣ ਲੱਗੇ। ਮੁਹੱਬਤ ਤੇ ਪਿਆਰ ਦੇ ਉਹ ਕੀਮਤੀ ਤੋਹਫ਼ੇ, ਜਿਹੜੇ ਅਸੀਂ ਇਕ ਦੂਜੇ ਨੂੰ ਉਧਾਰ ਦੇਂਦੇ ਸਾਂ ਤੇ ਇਕ ਦੂਜੇ ਤੋਂ ਉਧਾਰ ਲੈਂਦੇ ਸਾਂ, ਰੰਗੀਨ ਫੁੱਲਾਂ ਵਾਂਗ ਤੇਰੇ ਕਮਰੇ ਵਿਚ ਮਹਿਕਣ ਲੱਗਣ ਪਰ ਇਹ ਸਭ ਸੋਚਣ ਤੇ ਉਸ ਤੋਂ ਕਿਤੇ ਵੱਧ ਚਾਹੁਣ ਤੇ ਬਾਵਜੂਦ ਇਹਨਾਂ ਚਾਰ ਵਰ੍ਹਿਆਂ ਵਿਚ ਮੈਂ ਤੈਨੂੰ ਇਕ ਵੀ ਖ਼ਤ ਨਹੀਂ ਲਿਖਿਆ। ਹਰ ਸਾਲ ਦਸੰਬਰ ਵਿਚ ਮੈਂ ਤੇਰੇ ਲਈ ਇਕ ਕ੍ਰਿਸਮਿਸ ਕਾਰਡ ਖ਼ਰੀਦ ਲੈਂਦਾ ਹਾਂ ਤੇ ਅੰਗਰੇਜ਼ੀ ਵਿਚ ਛਪੀ ਹੋਈ ਬੇਤੁਕੀ ਸ਼ਾਇਰੀ ਦੇ ਹੇਠ ਆਪਣਾ ਨਾਂਅ ਤੇ ਪਤਾ ਲਿਖ ਕੇ ਤੈਨੂੰ ਭੇਜ ਦੇਂਦਾ ਹਾਂ ਤੇ ਸੋਚ ਲੈਂਦਾ ਹਾਂ ਕਿ ਤੂੰ ਮੇਰਾ ਕਾਰਡ ਤੇਰੇ ਨਾਂਅ ਆਏ ਹੋਏ ਦੂਜੇ ਕਾਰਡਾਂ ਨਾਲ ਬਗ਼ੈਰ ਆਵਾਜ਼ ਤੋਂ ਚੱਲਦੇ ਹੋਏ ਟੈਲੀਵੀਜ਼ਨ ਜਾਂ ਆਤਿਸ਼ਦਾਨ ਉਪਰ ਰੱਖ ਦਿੱਤਾ ਹੋਵੇਗਾ, ਜਿਸ ਵਿਚ ਠੰਡੀਆਂ ਸ਼ਾਮਾਂ ਵਿਚ ਤੂੰ ਬਿਜਲੀ ਦੀ ਅੰਗੀਠੀ ਜਗਾਅ ਦੇਂਦੀ ਹੈਂ। ਤੂੰ ਅੱਜ ਤਕ ਮੈਨੂੰ ਕ੍ਰਿਸਮਿਸ ਜਾਂ ਨਵੇਂ ਸਾਲ ਦਾ ਕੋਈ ਕਾਰਡ ਨਹੀਂ ਭੇਜਿਆ। ਤੂੰ ਮੈਨੂੰ ਉਦੋਂ ਕਿਹਾ ਸੀ ਜਦੋਂ ਮੈਂ ਇੰਗਲਿਸਤਾਨ ਹਮੇਸ਼ਾ ਲਈ ਛੱਡ ਕੇ ਹਿੰਦੁਸਤਾਨ ਪਰਤ ਰਿਹਾ ਸਾਂ...:

"ਨਦੀਮ, ਖ਼ੁਸ਼ੀਆਂ ਭਰੇ ਪਲਾਂ ਨੂੰ ਯਾਦ ਕਰਕੇ ਆਪਣੀ ਖ਼ੁਸ਼ੀ ਨੂੰ ਕਤਲ ਨਾ ਕਰੀਂ ਕਦੀ।"

ਤੇਰਾ ਲਹਿਜਾ ਸੰਜੀਦਾ ਸੀ। ਇਹ ਗੱਲ ਸੁਣ ਕੇ ਮੈਂ ਸਹਿਮ ਗਿਆ ਸਾਂ ਤੇ ਤੇਰੇ ਮੂੰਹ ਵੱਲ ਤੱਕਦਾ ਰਹਿ ਗਿਆ ਸਾਂ। ਤੇਰੇ ਸੁਰਖ਼ ਹੋਂਠ ਥੋੜ੍ਹੇ ਕੁ ਖੁੱਲ੍ਹੇ ਹੋਏ ਸਨ ਤੇ ਤੇਰੇ ਸੋਹਣੇ ਦੰਦਾਂ ਦੀ ਸਫੇਦੀ ਉਹਨਾਂ ਵਿਚੋਂ ਝਾਕ ਰਹੀ ਸੀ। ਲਾਪ੍ਰਵਾਹੀ ਨਾਲੋਂ ਵਧ ਉਸ ਭਰੋਸੇ ਤੇ ਆਤਮ-ਵਿਸ਼ਵਾਸ ਸਦਕਾ ਤੇਰਾ ਸਿਹਤਮੰਦ ਚਿਹਰਾ ਦਮਕ ਰਿਹਾ ਸੀ। ਸ਼ਾਇਦ ਤੇਰੇ ਇਸੇ ਇਕ ਵਾਕ ਕਰਕੇ ਹੀ ਮੈਂ ਚਾਰ ਵਰ੍ਹਿਆਂ ਵਿਚ ਹਜ਼ਾਰਾਂ ਖ਼ਾਹਿਸ਼ਾਂ ਦੇ ਬਾਵਜੂਦ ਤੈਨੂੰ ਇਕ ਵੀ ਖ਼ਤ ਨਹੀਂ ਲਿਖਿਆ ਤੇ ਸੰਜੀਦਗੀ ਨਾਲ ਕੋਸ਼ਿਸ਼ ਕੀਤੀ ਕਿ ਤੇਰੇ ਨਾਲ ਬਿਤਾਏ ਹੋਏ ਜ਼ਮਾਨੇ ਨੂੰ ਯਾਦ ਨਾ ਕਰਾਂ—ਤੇਰੇ ਪਿਆਰ ਦੀ ਸ਼ਿੱਦਤ ਨੂੰ ਭੁੱਲ ਜਾਵਾਂ, ਤੇਰੇ ਸੰਘਣੇ ਵਾਲਾਂ ਦੀ ਮਹਿਕ ਦੇ ਨਿੱਘ ਨੂੰ ਯਾਦ ਨਾ ਕਰਾਂ। ਵੈਸੇ ਵੀ ਖ਼ਤ ਲਿਖਣਾ ਮੇਰੇ ਲਈ ਆਸਾਨ ਕੰਮ ਨਹੀਂ ਹੈ। ਤੇ ਖਾਸ ਤੌਰ 'ਤੇ ਜਿਲ ਤੈਨੂੰ ਖ਼ਤ ਲਿਖਣਾ। ਤੇਰੇ ਨਾਲ ਤਾਂ ਗੱਲ ਕਰਨਾ ਵੀ ਮੈਨੂੰ ਬੜਾ ਮੁਸ਼ਕਿਲ ਜਾਪਦਾ ਹੁੰਦਾ ਸੀ। ਸ਼ਬਦ ਮੇਰੇ ਹੋਂਠਾਂ ਤੇ ਆ ਕੇ ਅਟਕ ਜਾਂਦੇ ਸਨ। ਮੈਂ ਸ਼ਾਇਦ ਇਸੇ ਕਰਕੇ ਤੈਨੂੰ ਹੋਰ ਵੀ ਵਧੇਰੇ ਚਾਹੁੰਦਾ ਸਾਂ ਕਿ ਜੇ ਮੇਰੇ ਕੋਲ ਤੈਨੂੰ ਕਹਿਣ ਲਈ ਕੁਛ ਨਹੀਂ ਹੁੰਦਾ ਸੀ ਤਾਂ ਵੀ ਮੇਰੀ ਤੇਰੀ ਨੇੜਤਾ ਰਹਿ ਸਕਦੀ ਸੀ, ਖਾਮੋਸ਼ ਰਹਿ ਸਕਦਾ ਸਾਂ। ਤੇਰੀ ਮੌਜੂਦਗੀ ਵਿਚ ਖਾਮੋਸ਼ੀ ਦਾ ਵੀ ਬੋਝ ਨਾ ਬਣਨਾ ਮੇਰੇ ਲਈ ਮੁਹੱਬਤ ਦੀ ਗਵਾਹੀ ਸੀ। ਇਸੇ ਖਾਮੋਸ਼ੀ ਨੇ ਮੈਨੂੰ ਆਪਣੇ ਆਪ ਨੂੰ ਸਮਝਣ ਵਿਚ ਮਦਦ ਦਿੱਤੀ।

ਬਹੁਤ ਸਾਰੇ ਲੋਕ ਖ਼ੁਸ਼ਕਿਸਮਤ ਹੁੰਦੇ ਹਨ ਕਿ ਕਾਗਜ਼ ਤੇ ਕਲਮ ਲੈ ਕੇ ਬੈਠ ਜਾਂਦੇ ਹਨ ਤੇ ਰਵਾਨੀ ਨਾਲ ਖ਼ਤ ਲਿਖ ਦੇਂਦੇ ਹਨ। ਮੈਂ ਦਿਲ ਹੀ ਦਿਲ ਵਿਚ ਅਜਿਹੇ ਲੋਕਾਂ ਤੋਂ ਬੜਾ ਪ੍ਰਭਾਵਿਤ ਹੁੰਦਾ ਹਾਂ। ਮੈਂ ਤਾਂ ਆਮ ਕਾਰੋਬਾਰੀ ਖ਼ਤ ਲਿਖਣ ਤੋਂ ਪਹਿਲਾਂ ਵੀ ਬੜੀ ਦੇਰ ਤਕ ਵਿਸ਼ੇ ਬਾਰੇ ਸੋਚਦਾ ਰਹਿੰਦਾ ਹਾਂ, ਜਿਸਨੂੰ ਲਿਖਣਾ ਹੁੰਦਾ ਏ ਉਸ ਬਾਰੇ ਸੋਚਦਾ ਰਹਿੰਦਾ ਹਾਂ, ਆਪਣੇ ਬਾਰੇ ਵਿਚ ਸੋਚਦਾ ਹਾਂ ਤੇ ਉਹ ਵਾਕ ਦਿਮਾਗ਼ ਵਿਚ ਇਕੱਤਰ ਕਰਦਾ ਰਹਿੰਦਾ ਹਾਂ ਜਿਹਨਾਂ ਨਾਲ ਮੇਰਾ ਭਾਵ ਸਪਸ਼ਟ ਹੋ ਸਕੇ ਤੇ ਕਾਫੀ ਮਿਹਨਤ ਨਾਲ ਖ਼ਤ ਲਿਖਣ ਪਿੱਛੋਂ ਵੀ ਸੰਤੁਸ਼ਟ ਨਹੀਂ ਹੁੰਦਾ। ਤੈਥੋਂ ਵਿਛੜਣ ਦੇ ਏਨੇ ਸਾਲ ਬਾਅਦ, ਜ਼ਿੰਦਗੀ ਵਿਚ ਪਹਿਲੀ ਵਾਰ, ਤੈਨੂੰ ਖ਼ਤ ਲਿਖਣਾ ਆਸਾਨ ਕੰਮ ਬਿਲਕੁਲ ਨਹੀਂ ਹੈ। ਸਿਰਫ ਤੇਰੇ ਨਜ਼ਦੀਕ ਰਹਿ ਕੇ ਖ਼ਾਮੋਸ਼ ਰਹਿਣਾ ਮੇਰੇ ਲਈ ਬੜੀ ਆਸਾਨ ਗੱਲ ਸੀ। ਜ਼ਰਾ ਜਿੰਨੀ ਪ੍ਰੇਸ਼ਾਨੀ ਨਹੀਂ ਸੀ ਹੁੰਦੀ। ਤੈਨੂੰ ਮਿਲਣ ਦੀ ਜ਼ਰਾ ਜਿੰਨੀ ਉਮੀਦ ਵੀ ਹੁੰਦੀ ਤਾਂ ਜਿਲ ਸੱਚ ਜਾਣੀ ਮੈਂ ਤੈਨੂੰ ਖ਼ਤ ਲਿਖਣ ਬਾਰੇ ਏਨਾ ਨਾ ਸੋਚਦਾ। ਮੈਂ ਤੇਰੇ ਗੋਰੇ ਹੱਥਾਂ ਨੂੰ ਆਪਣੇ ਹੱਥਾਂ ਵਿਚ ਘੁੱਟ ਲੈਂਦਾ, ਤੈਨੂੰ ਗਲ਼ੇ ਲਾ ਲੈਂਦਾ ਤੇ ਤੇਰੇ ਲਹਿਰਦਾਰ ਸੰਘਣੇ ਵਾਲਾਂ ਵਿਚ ਉਂਗਲਾਂ ਫੇਰ ਕੇ ਉਹਨਾਂ ਨੂੰ ਆਪਣੀਆਂ ਦੋਵਾਂ ਮੁੱਠੀਆਂ ਵਿਚ ਜਕੜ ਲੈਂਦਾ ਤੇ ਤੈਨੂੰ ਪਿਆਰ ਕਰਦਾ ਤੇ ਅਸੀਂ ਦੋਵੇਂ ਤੇਰੇ ਡਰਾਇੰਗ ਰੂਮ ਵਿਚ ਆਰਾਮ ਦੇਹ ਸੋਫੇ ਉੱਤੇ ਇਕੱਠੇ ਬੈਠ ਜਾਂਦੇ ਤੇ ਸਾਹਮਣੇ ਵਾਲੀ ਵੱਡੀ ਖਿੜਕੀ ਦੇ ਠੰਡੇ ਸ਼ੀਸ਼ੇ ਵਿਚੋਂ ਬਾਹਰ ਦੇਖਦੇ ਰਹਿੰਦੇ ਤੇ ਤੂੰ ਮੇਰੇ ਮੋਢੇ ਉੱਤੇ ਆਪਣਾ ਸਿਰ ਰੱਖੀ ਖ਼ਾਮੋਸ਼ ਰਾਤ ਨੂੰ ਢਲਦਿਆਂ ਹੋਇਆਂ ਮਹਿਸੂਸ ਕਰਦੀ। ਤੇ ਕਮਰੇ ਦਾ ਹਨੇਰਾ, ਪਿਘਲੀ ਹੋਈ ਮੋਮ ਵਾਂਗ ਸਾਡੇ ਜਿਸਮਾਂ ਵਿਚ ਜਜ਼ਬ ਹੁੰਦਾ ਰਹਿੰਦਾ। ਮੁਹੱਬਤ ਜਦੋਂ ਕਾਮਯਾਬ ਹੋ ਜਾਂਦੀ ਹੈ ਤਾਂ ਖ਼ਾਮੋਸ਼ੀ ਦੇ ਲਿਬਾਦੇ ਨੂੰ ਏਨੀ ਖ਼ੂਬਸੂਰਤੀ ਨਾਲ ਪਾ ਲੈਂਦੀ ਹੈ ਜਿਵੇਂ ਇਕ ਹੁਸੀਨ ਕੁਆਰੀ ਸੁਹਾਗ ਦਾ ਜੋੜਾ ਪਾ ਕੇ ਰੌਸ਼ਨ ਹੋ ਜਾਂਦੀ ਹੈ। ਮੇਰੀ ਤੇ ਤੇਰੀ ਮੁਹੱਬਤ ਕਾਮਯਾਬ ਸੀ ਮੈਨੂੰ ਇਸ ਦਾ ਯਕੀਨ ਰਿਹਾ ਹੈ। ਸ਼ਾਇਦ ਇਸ ਲਈ ਵੀ ਤੈਨੂੰ ਖ਼ਤ ਨਹੀਂ ਲਿਖਦਾ। ਤੇ ਸ਼ਾਇਦ ਏਸੇ ਲਈ ਤੂੰ ਵੀ ਮੈਨੂੰ ਖ਼ਤ ਨਹੀਂ ਲਿਖਦੀ। ਤੂੰ ਕਹਿੰਦੀ ਹੁੰਦੀ ਸੀ ਕਿ ਇਕ ਮਰਦ ਤੇ ਇਕ ਔਰਤ ਦੀ ਮੁਹੱਬਤ ਵਿਚ ਖ਼ੁਸ਼ੀ ਦਾ ਬਸ ਇਕ ਪਲ ਆਉਂਦਾ ਹੈ ਤੇ ਫੇਰ ਉਸ ਇਕ ਪਲ ਦੀ ਅੰਨ੍ਹੀ ਤਲਾਸ਼ ਵਿਚ ਅਕਸਰ ਉਹ ਆਪਣੀ ਸਾਰੀ ਜ਼ਿੰਦਗੀ ਗੁਜਾਰ ਦਿੰਦੇ ਹਨ। ਤੇਰੇ ਵਾਂਗ ਮੈਨੂੰ ਵੀ ਸ਼ਾਇਦ ਇਸ ਇਕ ਸੁਨਹਿਰੇ ਪਲ ਦੀ ਤਲਾਸ਼ ਨਾ ਹੁੰਦੀ ਤੇ ਤੈਨੂੰ ਖ਼ਤ ਲਿਖਣ ਦਾ ਖ਼ਿਆਲ ਨਾ ਆਉਂਦਾ...ਨਾਲੇ ਜੇ ਪਿੱਛਲੇ ਪੰਜ ਦਿਨਾਂ ਵਿਚ ਜੈਕ ਨਾਲ ਦੋ ਵਾਰੀ ਮੁਲਾਕਾਤ ਨਾ ਹੋਈ ਹੁੰਦੀ।

ਮੇਰੀ ਜ਼ਿੰਦਗੀ ਵਿਚ ਹੁਣ ਉਹ ਦੌਰ ਸ਼ੁਰੂ ਹੋ ਚੁੱਕਿਆ ਸੀ ਜਦੋਂ ਅਤੀਤ ਤੇ ਭਵਿੱਖ, ਯਾਦਾਂ ਤੇ ਉਮੀਦਾਂ, ਇੱਛਾਵਾਂ ਤੇ ਤਜ਼ਰਬੇ ਇਕੋ ਜਿਹੇ ਹੋ ਗਏ ਸਨ ਤੇ ਮੈਂ ਬੀਤਦੇ ਹੋਏ ਪਲਾਂ ਦੀ ਗੁਣਗੁਣਾਹਟ ਤੋਂ ਸੰਤੁਸ਼ਟ ਹੋ ਚੱਲਿਆ ਸਾਂ। ਵਰਤਮਾਨ ਇਕ ਭੌਰੇ ਵਾਂਗ ਆਪਣੀ ਉਡਾਨ ਦੇ ਸੰਗੀਤ ਵਿਚ ਮਸਤ ਜ਼ਿੰਦਗੀ ਦੇ ਅਹਿਸਾਸ ਨੂੰ ਜਗਾਈ ਰੱਖਦਾ ਸੀ ਕਿ ਅਚਾਨਕ ਪੰਜ ਦਿਨ ਪਹਿਲਾਂ ਮੇਰੇ ਫਲੈਟ ਦੇ ਦਰਵਾਜ਼ੇ ਨੂੰ ਕਿਸੇ ਨੇ ਜ਼ੋਰ ਨਾਲ ਖੜਕਾਇਆ ਤੇ ਜਦੋਂ ਮੈਂ ਦਰਵਾਜ਼ਾ ਖੋਲ੍ਹਿਆ ਤਾਂ ਉੱਥੇ ਜੈਕ ਸਾਹਮਣੇ ਖੜ੍ਹਾ ਮੁਸਕਰਾ ਰਿਹਾ ਸੀ। ਉਸਦੇ ਨਿੱਕੇ ਨਿੱਕੇ ਸੁਨਹਿਰੀ ਵਾਲ ਇਹਨਾਂ ਚਾਰ ਵਰ੍ਹਿਆਂ ਵਿਚ ਉਸਦੇ ਮੱਥੇ ਉਪਰੋਂ ਹੋਰ ਪਿੱਛੇ ਨੂੰ ਸਰਕ ਗਏ ਸਨ—ਤਸਵੀਰਾਂ ਵਿਚ ਜਿਵੇਂ ਲਾਰਡ ਕਰਜਨ ਨੂੰ ਵਿਖਾਇਆ ਜਾਂਦਾ ਹੈ, ਜੈਕ ਕੁਛ-ਕੁਛ ਓਹੋ ਜਿਹਾ ਹੀ ਲੱਗ ਰਿਹਾ ਸੀ।

"ਤੂੰ ਮੈਨੂੰ ਇੰਜ ਦਿੱਲੀ ਵਿਚ ਆਪਣੇ ਫਲੈਟ ਦੇ ਸਾਹਮਣੇ ਅਚਾਨਕ ਵੇਖ ਕੇ ਹੈਰਾਨ ਹੋ ਗਿਆ ਏਂ ਨਾ ਨਦੀਮ?" ਜੈਕ ਨੇ ਕਿਹਾ ਸੀ।

"ਹਾਂ ਜੈਕ ਮੈਂ ਹੈਰਾਨ ਵੀ ਹਾਂ ਤੇ ਸ਼ਾਇਦ ਖ਼ੁਸ਼ ਵੀ। ਆ, ਅੰਦਰ ਆ ਜਾ।" ਮੈਂ ਉਸ ਨਾਲ ਜ਼ਿੰਦਗੀ ਵਿਚ ਪਹਿਲੀ ਵਾਰੀ ਹੱਥ ਮਿਲਾਉਂਦਿਆਂ ਹੋਇਆਂ ਕਿਹਾ ਸੀ। ਜੈਕ ਨਾਲ ਤੈਨੂੰ ਨਾ ਵੇਖ ਕੇ ਮੈਂ ਉਦਾਸ ਹੋ ਗਿਆ ਸਾਂ। ਬਚਪਨ ਤੋਂ ਜੈਕ ਤੇ ਜਿੱਲ ਮੇਰੀਆਂ ਸੋਚਾਂ ਵਿਚ ਇਕੱਠੇ ਹੀ ਰਹੇ ਸਨ ਤੇ ਫੇਰ ਇੰਗਲਿਸਤਾਨ ਵਿਚ ਤਾਂ ਉਹਨਾਂ ਦੋਵਾਂ ਦਾ ਤੇ ਮੇਰਾ ਰਿਸ਼ਤਾ ਬੜਾ ਪੱਕਾ ਹੋ ਗਿਆ ਸੀ। ਮੈਂ ਤੈਨੂੰ ਉਹ ਨਜ਼ਮ ਸੁਣਾਈ ਸੀ ਜਿਹੜੀ ਮੈਂ ਬਚਪਨ ਵਿਚ ਸਿੱਖੀ ਸੀ। ਦੋ ਭਰਾ ਭੈਣ ਜਿਹੜੇ ਪਹਾੜੀ ਉੱਤੇ ਬਾਲਟੀ ਲੈ ਕੇ ਪਾਣੀ ਲੈਣ ਗਏ ਸਨ ਤੇ ਪਹਿਲਾਂ ਜੈਕ ਤਿਲ੍ਹਕ ਕੇ ਡਿੱਗ ਪਿਆ ਸੀ ਤੇ ਫੇਰ ਉਸ ਦੇ ਪਿੱਛੋਂ ਜਿਲ ਲੁੜਕਦੀ ਹੋਈ ਥੱਲੇ ਆ ਗਈ ਸੀ।

"ਜੈਕ ਤੇ ਜਿਲ ਭਰਾ ਭੈਣ ਨਹੀਂ ਸਨ ਤੇ ਜੈਕ ਨੂੰ ਪਹਾੜੀ ਤੋਂ ਜਿਲ ਨੇ ਧੱਕਾ ਦਿੱਤਾ ਸੀ।" ਤੂੰ ਮੈਨੂੰ ਕਿਹਾ ਸੀ। ਤੂੰ ਸੋਚਦੀ ਸੈਂ ਕਿ ਮੈਂ ਜੈਕ ਤੋਂ ਡਰਦਾ ਸਾਂ ਤੇ ਇਸੇ ਲਈ ਤੂੰ ਜੈਕ ਦੇ ਮਹੱਤਵ ਨੂੰ ਘਟਾਉਣ ਲਈ ਕਦੀ-ਕਦੀ ਅਜਿਹੀਆਂ ਗੱਲਾਂ ਕਰਦੀ ਹੁੰਦੀ ਸੈਂ।

"ਨਦੀਮ ਤੇਰਾ ਪਤਾ ਮੈਨੂੰ ਜਿਲ ਨੇ ਦਿੱਤਾ ਏ। ਮੈਂ ਆਪਣੀ ਫਰਮ ਦੇ ਕੰਮ ਕੁਝ ਦਿਨਾਂ ਲਈ ਹਿੰਦੁਸਤਾਨ ਆਇਆ ਆਂ। ਕਲ੍ਹ ਰਾਤੀਂ ਪੂਰਾ ਚੰਦ ਨਿਕਲੇਗਾ। ਕਲ੍ਹ ਮੈਂ ਤਾਜ ਮਹਿਲ ਦੇਖਣਾ ਚਾਹੁੰਦਾ ਹਾਂ—ਚੱਲੇਂਗਾ ਮੇਰੇ ਨਾਲ?"

"ਨਹੀਂ ਜੈਕ—ਤੂੰ ਹੋ ਆਵੀਂ। ਤਾਜ ਨੂੰ ਚੌਦਵੀਂ ਦੇ ਚੰਦ ਦੀ ਰੌਸ਼ਨੀ ਵਿਚ ਨਹਾਉਂਦਿਆ ਹੋਇਆਂ ਵੀ ਦੇਖਣਾ ਚਾਹੀਦਾ ਏ ਤੇ ਘੁੱਪ ਹਨੇਰੀ ਰਾਤ ਵਿਚ ਇਕ ਸਫੇਦ ਮੋਤੀ ਵਾਂਗ ਜਗਮਗ ਕਰਦਿਆਂ ਹੋਇਆਂ ਵੀ। ਉਸਨੂੰ ਤਿੱਖੀ ਧੁੱਪ ਵਿਚ ਤਪਦਿਆਂ ਹੋਇਆਂ ਵੀ ਦੇਖਣਾ ਚਾਹੀਦਾ ਹੈ ਤੇ ਬਾਰਸ਼ ਵਿਚ ਨਹਾਉਂਦਿਆਂ ਹੋਇਆਂ ਵੀ।" ਮੈਂ ਇਹ ਕਹਿੰਦਾ ਹੋਇਆ ਸੋਚ ਰਿਹਾ ਸਾਂ ਕਿ ਇਹ ਸਾਰੀਆਂ ਗੱਲਾਂ ਤਾਜ ਮਹਿਲ ਵਰਗੀ ਖ਼ੂਬਸੂਰਤ ਇਮਾਰਤ ਲਈ ਹੀ ਨਹੀਂ ਦਿਲ-ਨਿਵਾਜ਼ ਮਹਿਬੂਬਾ ਲਈ ਵੀ ਕਹੀਆਂ ਜਾ ਸਕਦੀਆਂ ਹਨ। ਜੈਕ ਦਾ ਧਿਆਨ ਮੇਰੀਆਂ ਗੱਲਾਂ ਵੱਲ ਨਹੀਂ ਸੀ। ਉਹ ਮੇਰੇ ਕਮਰੇ ਦੀ ਹਰ ਚੀਜ ਨੂੰ ਬੜੇ ਗਹੁ ਨਾਲ ਦੇਖ ਰਿਹਾ ਸੀ ਤੇ ਮੈਨੂੰ ਚੇਤਾ ਆਇਆ ਕਿ ਕਈ ਸਾਲ ਪਹਿਲਾਂ ਜਦੋਂ ਪਹਿਲੀ ਵਾਰੀ ਮੈਂ ਸਪੰਜ ਵਰਗੇ ਕਾਲੀਨ ਨਾਲ ਢਕੀਆਂ ਪੌੜੀਆਂ ਚੜ੍ਹ ਕੇ ਤੇਰੇ ਸੌਣ ਕਮਰੇ ਵਿਚ ਗਿਆ ਸਾਂ ਤਾਂ ਮੈਂ ਸਿੱਧਾ ਖਿੜਕੀ ਕੋਲ ਜਾ ਕੇ ਬਾਹਰ ਦੇਖਣ ਲੱਗ ਪਿਆ ਸਾਂ। ਤੇਰੇ ਬਾਗ਼ ਵਿਚ ਸੇਬ ਦੇ ਕਈ ਦਰਖ਼ਤ ਲੱਗੇ ਹੋਏ ਸਨ ਤੇ ਹਰੀ-ਹਰੀ ਘਾਹ ਉਪਰ ਮਧਮ ਜਿਹੀ ਧੁੱਪ ਵਿਚ ਉਹਨਾਂ ਦਰਖ਼ਤਾਂ ਦੇ ਪ੍ਰਛਾਵੇਂ ਇਕ ਦੂਜੇ ਨਾਲ ਘੁਸਰ-ਮੁਸਰ ਕਰ ਰਹੇ ਸਨ ਤੇ ਤੂੰ ਮੇਰੇ ਕੋਲ ਆ ਕੇ ਖੜ੍ਹੀ ਹੋ ਗਈ ਸੈਂ ਤੇ ਆਪਣੀਆਂ ਬਾਂਹ ਤੂੰ ਮੇਰੇ ਲੱਕ ਦੁਆਲੇ ਵਲਦਿਆਂ ਕਿਹਾ ਸੀ...:

"ਤੂੰ ਮੇਰੇ ਵਰਗਾ ਏਂ ਨਦੀਮ ਕਿ ਨਵੇਂ ਕਮਰੇ ਵਿਚ ਵੜਨ ਪਿੱਛੋਂ ਕਮਰੇ ਦੀ ਸਜਾਵਟ ਦੇਖਣ ਤੋਂ ਪਹਿਲਾਂ ਕਮਰੇ 'ਚੋਂ ਬਾਹਰ ਦੇਖਦਾ ਏਂ।" ਤੇ ਤੇਰੀ ਇਹ ਸ਼ਹਿਦ ਵਰਗੀ ਗੱਲ ਮੇਰੇ ਦਿਲ ਵਿਚ ਉਤਰ ਗਈ ਸੀ। ਤੇਰੇ ਨਾਲ ਮਿਲਣ ਤੋਂ ਪਹਿਲਾਂ ਮੈਂ ਇਕ ਸਾਲ ਇੰਗਲਿਸਤਾਨ ਵਿਚ ਰਹਿ ਚੁੱਕਿਆ ਸਾਂ ਤੇ ਮੈਨੂੰ ਵਾਰੀ ਵਾਰੀ ਇਹ ਸੁਣਨ ਨੂੰ ਮਿਲਦਾ ਸੀ ਕਿ ਹਿੰਦੁਸਤਾਨੀ ਤੇ ਅੰਗਰੇਜ਼ ਇਕ ਦੂਜੇ ਨਾਲੋਂ ਕਿੰਨੇ ਵੱਖਰੇ ਹੁੰਦੇ ਹਨ। ਤੂੰ ਕੁਝ ਨਾ ਕਹਿੰਦਿਆਂ ਹੋਇਆਂ ਵੀ ਇਹ ਸਮਝਾ ਦਿੱਤਾ ਸੀ ਕਿ ਇਕ ਹਿੰਦੁਸਤਾਨੀ ਮਰਦ ਤੇ ਇਕ ਅੰਗਰੇਜ਼ ਕੁੜੀ ਦੇ ਸੋਚਣ ਦਾ ਢੰਗ ਕਿੰਨਾ ਮਿਲਦਾ-ਜੁਲਦਾ ਹੋ ਸਕਦਾ ਹੈ ਤੇ ਸ਼ਾਇਦ ਇਸੇ ਲਈ ਅਸੀਂ ਕਈ ਅਜਿਹੀਆਂ ਸ਼ਾਮਾਂ ਇਕੱਠਿਆਂ ਬਿਤਾਈਆਂ ਜਿਹੜੀਆਂ ਕਿਸੇ ਸਾਫ ਝਰਨੇ ਦੇ ਪਵਿੱਤਰ ਜਲ ਵਾਂਗ ਸਵੇਰ ਦੇ ਉਜਾਲੇ ਵਿਚ ਘੁਲਮਿਲ ਜਾਂਦੀਆਂ ਸਨ। ਜਿਲ ਮੈਂ ਤੈਨੂੰ ਖ਼ਤ ਲਿਖਣ ਲੱਗਿਆ ਹਾਂ ਇਸ ਲਈ ਇਹ ਜ਼ਰੂਰ ਕਹਾਂਗਾ ਕਿ ਜੇ ਉਹਨਾਂ ਖ਼ੁਸ਼ਗਵਾਰ ਪਲਾਂ ਦੀ ਕੋਈ ਯਾਦ ਤੇਰੇ ਕੋਲ ਨਹੀਂ ਤਾਂ ਇਸਦਾ ਇਹੀ ਮਤਲਬ ਹੈ ਕਿ ਤੂੰ ਸਮੇਂ ਦਾ ਅਹਿਸਾਨ ਮੰਨਣ ਦਾ ਸਲੀਕਾ ਗੰਵਾਅ ਬੈਠੀ ਹੈਂ ਤੇ ਇਹ ਵੀ ਲਿਖਾਂਗਾ ਕਿ ਬੀਤੇ ਹੋਏ ਖ਼ੁਸ਼ੀਆਂ ਭਰਪੂਰ ਪਲਾਂ ਨੂੰ ਸਾਨੂੰ ਲੱਭਣਾ ਨਹੀਂ ਪੈਂਦਾ, ਉਹ ਤਾਂ ਖ਼ੁਦ ਹੀ ਸਾਨੂੰ ਲੱਭ ਲੈਂਦੇ ਨੇ।

"ਦਿੱਲੀ ਵਿਚ ਤੂੰ ਮੈਨੂੰ ਸ਼ਾਪਿੰਗ ਕਰਵਾਉਣ ਵਿਚ ਮਦਦ ਕਰ ਸਕੇਂਗਾ, ਨਦੀਮ?" ਜੈਕ ਨੇ ਮੈਨੂੰ ਝੰਜੋੜ ਕੇ ਖ਼ੁਸ਼ੀ ਭਰੇ ਪਲਾਂ ਦੀ ਗੋਦ ਵਿਚੋਂ ਬਾਹਰ ਖਿੱਚ ਲਿਆ ਤੇ ਮੈਂ ਸ਼ਫ਼ਲੇਡ ਦੇ ਤੇਰੇ ਸੌਣ ਕਮਰੇ ਵਿਚੋਂ ਨਿਕਲ ਕੇ ਦਿੱਲੀ ਦੇ ਆਪਣੇ ਫਲੈਟ ਵਿਚ ਪਹੁੰਚ ਗਿਆ ਸਾਂ ਪਰ ਮੇਰੇ ਕੱਪੜਿਆਂ ਉਪਰ ਤੇਰੇ ਜਿਸਮ ਦੇ ਨਿੱਘ ਦੀ ਮਹਿਕ ਬਾਕੀ ਸੀ।

"ਹਾਂ ਕਿਉਂ ਨਹੀਂ ਜੈਕ, ਤੂੰ ਤਾਜ ਮਹਿਲ ਦੇ ਸਫੇਦ ਚਬੂਤਰੇ ਉੱਤੇ ਖਲੋ ਕੇ ਪੂਰੇ ਚੰਦ ਦੀ ਖ਼ੂਬਸੂਰਤੀ ਦੇਖ ਆ ਤੇ ਫੇਰ ਮੈਂ ਤੈਨੂੰ ਦਿੱਲੀ ਵੀ ਘੁਮਾਅ ਦਿਆਂਗਾ ਤੇ ਸ਼ਾਪਿੰਗ ਵੀ ਕਰਵਾ ਦਿਆਂਗਾ।" ਮੈਂ ਹਿੰਦੁਸਤਾਨੀ ਮੇਜ਼ਬਾਨਾਂ ਵਾਲੇ ਰਵਾਇਤੀ ਮੋਹ ਨਾਲ ਕਿਹਾ ਸੀ ਹਾਲਾਂਕਿ ਜੈਕ ਲਈ ਮੋਹ ਦਾ ਜਜ਼ਬਾ ਮੇਰੇ ਲਈ ਬਿਲਕੁਲ ਓਪਰਾ ਸੀ ਤੇ ਫੇਰ ਜਦੋਂ ਜੈਕ ਆਪਣੇ ਹੋਟਲ ਵਾਪਸ ਜਾਣ ਲਈ ਤੁਰਨ ਲੱਗਾ ਤਾਂ ਆਪਣੇ ਫਲੈਟ ਦਾ ਦਰਵਾਜ਼ਾ ਬੰਦ ਕਰਨ ਤੋਂ ਪਹਿਲਾਂ ਮੈਂ ਸਰਸਰੀ ਤੌਰ 'ਤੇ ਉਸਨੂੰ ਪੁੱਛਿਆ ਸੀ, "ਜਿਲ ਕੈਸੀ ਹੈ?"

"ਜਿਲ ਠੀਕ ਏ, ਬੜੇ ਮਜ਼ੇ ਵਿਚ ਏ, ਉਸਦਾ ਭਾਰ ਵਧ ਰਿਹੈ ਪਰ ਉਸਨੂੰ ਕੋਈ ਫ਼ਿਕਰ ਨਹੀਂ।" ਜੈਕ ਨੇ ਜਵਾਬ ਦਿੱਤਾ ਸੀ ਤੇ ਜਦੋਂ ਉਹ ਚਲਾ ਗਿਆ ਤਾਂ ਮੈਂ ਆਪਣੇ ਕਮਰੇ ਦੀ ਰੌਸ਼ਨੀ ਬੁਝਾਅ ਦਿੱਤੀ ਤੇ ਰਾਤੀਂ ਦੇਰ ਤੀਕ ਆਰਾਮ ਕੁਰਸੀ ਉੱਤੇ ਬੈਠਾ ਤੈਨੂੰ ਖ਼ਤ ਲਿਖਣ ਬਾਰੇ ਸੋਚਦਾ ਰਿਹਾ। ਪਤਾ ਨਹੀਂ ਕਿੰਨਾ ਸਮਾਂ ਬੀਤ ਗਿਆ ਤੇ ਫੇਰ ਮੈਂ ਦੇਖਿਆ ਕਿ ਖਿੜਕੀ ਦੇ ਬਾਹਰ ਦੂਰ-ਦੂਰ ਤਕ ਚਾਂਦਨੀ ਇੰਜ ਫੈਲੀ ਹੋਈ ਸੀ ਜਿਵੇਂ ਚਮੇਲੀ ਦੀਆਂ ਖ਼ੁਸ਼ਬੂਦਾਰ ਨਾਜ਼ੁਕ ਪੰਖੜੀਆਂ ਕਿਸੇ ਨੇ ਸਭ ਪਾਸੇ ਖਿਲਾਰ ਦਿੱਤੀਆਂ ਹੋਣ; ਜਿਵੇਂ ਹੀਰਿਆਂ ਦਾ ਸਾਥ ਛੱਡ ਕੇ ਰੌਸ਼ਨੀ ਦੂਰ-ਦੂਰ ਤਕ ਹਨੇਰਿਆਂ ਉੱਤੇ ਫਤਿਹ ਪਾ ਚੁੱਕੀ ਹੋਵੇ। ਇਸ ਚਾਂਦਨੀ ਰਾਤ ਨਾਲ ਜਿਲ ਤੇਰੀ ਕਿਸੇ ਵੀ ਯਾਦ ਦਾ ਕੋਈ ਸੰਬੰਧ ਨਹੀਂ ਹੈ। ਤੇਰੇ ਮੁਲਕ ਵਿਚ ਤਾਂ ਰਾਤਾਂ ਕੋਹਰੇ, ਠੰਡੀਆਂ ਬਰਸਾਤਾਂ ਤੇ ਕਾਲੇ ਬੱਦਲਾਂ ਨਾਲ ਦਾਗ਼ਦਾਰ ਹੋ ਜਾਂਦੀਆਂ ਹਨ ਪਰ ਮੇਰੇ ਲਈ ਹਰ ਹੁਸੀਨ ਸ਼ੈ ਨਾਲ ਤੇਰਾ ਰਿਸ਼ਤਾ ਜੁੜਿਆ ਹੋਇਆ ਹੈ। ਕਾਸ਼ ਤੂੰ ਇਕੱਲੀ ਜਾਂ ਫੇਰ ਜਿਲ ਨਾਲ ਹੀ ਹਿੰਦੁਸਤਾਨ ਆ ਜਾਂਦੀ ਤੇ ਮੈਂ ਤੈਨੂੰ ਤਾਜ ਮਹਿਲ ਦਿਖਾਉਣ ਲੈ ਜਾਂਦਾ ਤੇ ਉਸਦੇ ਮਰਮਰੀ ਫਰਸ਼ ਉਪਰ ਤੇਰੇ ਸਫੇਦ ਤੇ ਨਰਮ ਪੈਰਾਂ ਨੂੰ ਟਿਕਦਿਆਂ ਤੇ ਉਠਦਿਆਂ ਦੇਖ ਸਕਦਾ। ਦਿੱਲੀ ਦੀ ਇਸ ਚਾਂਦਨੀ ਰਾਤ ਵਿਚ ਯਾਦਾਂ ਦੀਆਂ ਦਰਜ਼ਨਾਂ ਤਿਤਲੀਆਂ ਉਡ ਰਹੀਆਂ ਹਨ—ਤੇ ਤੇਰੇ ਖ਼ਿਆਲ ਵਿਚ ਜਿਲ ਇਹਨਾਂ ਤਿਤਲੀਆਂ ਨੂੰ ਫੜ੍ਹਨ ਦੀ ਕੋਸ਼ਿਸ਼ ਕਰਨਾ ਖ਼ੁਸ਼ੀਆਂ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨਾ ਹੈ। ਮੇਰਾ ਪਤਾ ਜੈਕ ਨੂੰ ਦੇ ਕੇ ਖ਼ੁਸ਼ੀਆਂ ਦਾ ਕਤਲੇ-ਆਮ ਤਾਂ ਤੂੰ ਆਪੂੰ ਹੀ ਸ਼ੁਰੂ ਕਰ ਦਿੱਤਾ ਹੈ ਜਿਲ। ਜੈਕ ਨੂੰ ਕੀ ਹੱਕ ਹੈ ਕਿ ਉਹ ਭਰਪੂਰ ਚਾਂਦਨੀ ਰਾਤ ਵਿਚ ਤਾਜ ਮਹਿਲ ਦੀਆਂ ਉਹਨਾਂ ਉੱਚੀਆਂ ਮਹਿਰਾਬਾਂ ਨੂੰ ਦੇਖੇ ਜਿਹੜੀਆਂ ਤੇਰੀਆਂ ਯਾਦਾਂ ਵਾਂਗ ਨਜ਼ੁਕ ਤੇ ਖ਼ੂਬਸੂਰਤ ਹਨ। ਤਾਜ ਦੇ ਸੁਡੌਲ ਮਿਨਾਰਾਂ ਨੂੰ ਦੇਖਦਿਆਂ ਹੋਇਆਂ ਤਾਂ ਤੇਰੀਆਂ ਉਂਗਲਾਂ ਮੇਰੀਆਂ ਉਂਗਲਾਂ ਵਿਚ ਗੁੰਦੀਆਂ ਹੋਣੀਆਂ ਚਾਹੀਦੀਆਂ ਸਨ। ਮੇਰੀ ਆਪਣੀ ਪਛਾਣ ਲਈ ਤੇਰੀਆਂ ਉਂਗਲਾਂ ਦੀ ਛੂਹ ਦਾ ਨਿੱਘ ਕਾਫੀ ਹੈ।

ਇਹਨਾਂ ਪਿੱਛਲੇ ਚਾਰ ਵਰ੍ਹਿਆਂ ਵਿਚ ਅਜਿਹੀ ਕੋਈ ਇੱਛਾ ਮੇਰੇ ਮਨ ਵਿਚ ਕਦੀ ਨਹੀਂ ਜਾਗੀ ਸੀ। ਜੈਕ ਨੇ ਇੱਛਾਵਾਂ ਨੂੰ ਅਚਾਨਕ ਝੰਜੋੜ ਦਿੱਤਾ ਹੈ ਜਾਂ ਤੂੰ ਖ਼ੁਦ ਜੈਕ ਨੂੰ ਮੇਰਾ ਪਤਾ ਦੇ ਕੇ ਉਹਨਾਂ ਨੂੰ ਜਗਾਅ ਦਿੱਤਾ ਹੈ। ਜਿਲ ਤੂੰ ਕੁਝ ਵੀ ਕਹਿ ਪਰ ਸਾਡਾ ਅਤੀਤ ਚਿੜੀ ਦੇ ਪ੍ਰਛਾਵੇਂ ਵਾਂਗ ਨਹੀਂ ਹੁੰਦਾ ਜਿਸਨੂੰ ਉਹ ਹਵਾ ਵਿਚ ਉਡਦਾ ਹੋਇਆ ਛੱਡ ਦੇਂਦੀ ਹੈ। ਤੇਰੇ ਕਹਿਣ ਉੱਤੇ ਮੈਂ ਤੇਰੀਆਂ ਯਾਦਾਂ ਨੂੰ ਪੁਰਾਣੇ ਜ਼ਮਾਨੇ ਦੇ ਮਿਸਰ ਦੀਆਂ ਮੰਮੀਆਂ ਵਾਂਗ ਸਮਝ ਲਿਆ ਸੀ ਜਿਹੜੀਆਂ ਹਜ਼ਾਰਾਂ ਸਾਲ ਤਕ ਹੱਥ ਬੰਨ੍ਹੀ ਮਣਾਂ ਮੂੰਹੀਂ ਪੱਥਰਾਂ ਹੇਠ ਅਡੋਲ ਲੇਟੀਆਂ ਰਹਿੰਦੀਆਂ ਹਨ ਪਰ ਜੈਕ ਦੇ ਅਚਾਨਕ ਦਿੱਲੀ ਆ ਜਾਣ ਨਾਲ ਹਾਲਾਤ ਦਾ ਨਾਜ਼ੁਕ ਜਿਹਾ ਇਕ ਪਲ ਕਿਸੇ ਮਸਤੇ ਘੋੜੇ ਵਾਂਗ ਆਪਣੀ ਜ਼ੀਨ ਤੇ ਰਕਾਬਾਂ ਨੂੰ ਭੋਇੰ ਸੁੱਟ ਕੇ ਦੌੜਦਾ ਹੋਇਆ ਦੂਰ ਨਿਕਲ ਗਿਆ ਹੈ ਤੇ ਉਸਦੀਆਂ ਟਾਪਾਂ ਨਾਲ ਉਡਦੀ ਹੋਈ ਮਿਟਮੈਲੀ ਧੂੜ ਵਿਚ ਮੈਨੂੰ ਇੰਗਲਿਸਤਾਨ ਵਿਚ ਬੀਤਿਆ ਦੌਰ ਚੇਤੇ ਆਉਣ ਲੱਗਿਆ ਹੈ—ਜਦੋਂ ਜਿਲ ਤੇਰੇ ਨਾਲ ਮੇਰੀ ਮੁਹੱਬਤ ਤੇ ਜੈਕ ਨਾਲ ਮੇਰੀ ਰਕਾਬਤ ਆਪਣੇ ਸ਼ਿਖ਼ਰਾਂ ਉੱਤੇ ਸੀ। ਮੇਰੀ ਛਾਤੀ ਤੇ ਮੇਰੀਆਂ ਪਸਲੀਆਂ ਵਿਚ ਰਕਾਬਤ ਦੇ ਦਰਜਨਾਂ ਛੁਰੇ ਪੁਰ ਗਏ ਸਨ ਤੇ ਉਹਨਾਂ ਦੇ ਦਿੱਤੇ ਬੇਪਨਾਹ ਦਰਦ ਨੇ ਤੈਨੂੰ ਹੱਦੋਂ ਵਧ ਦਿਲ ਨਿਵਾਜ਼ ਬਣਾ ਦਿੱਤਾ ਸੀ। ਮੈਨੂੰ ਯਾਦ ਹੈ ਤੂੰ ਆਪਣੇ ਡਰਾਇੰਗ ਰੂਮ ਵਿਚ ਸੋਫੇ ਉੱਤੇ ਆਪਣੇ ਦੋਵੇਂ ਪੈਰ ਉਪਰ ਰੱਖੀ ਲੇਟੀ ਹੋਈ ਸੈਂ। ਉੱਚੀ ਅੱਡੀ ਵਾਲੇ ਕਾਲੇ ਚਮਕਦਾਰ ਸੈਂਡਲ ਸੋਫੇ ਦੇ ਨੇੜੇ, ਬੇਤਰਤੀਬ ਜਿਹੇ ਪਏ ਸਨ ਤੇ ਕਮਰੇ ਦੇ ਇਕ ਕੋਨੇ ਵਿਚ ਟੈਲੀਵੀਜ਼ਨ ਵਿਚ ਬਗ਼ੈਰ ਆਵਾਜ਼ ਦੇ ਕੋਈ ਰੰਗੀਨ ਪ੍ਰੋਗਰਾਮ ਚੱਲ ਰਿਹਾ ਸੀ। ਤੂੰ ਟੈਲੀਵੀਜ਼ਨ ਚਲਾ ਕੇ ਆਵਾਜ਼ ਬੰਦ ਕਰ ਦੇਂਦੀ ਹੁੰਦੀ ਸੈਂ ਤੇ ਉਸਦੀ ਸਕਰੀਨ ਉੱਤੇ ਨਜ਼ਰ ਆਉਣ ਵਾਲੇ ਸਾਰੇ ਲੋਕ ਬੇਵੱਸ ਨਜ਼ਰ ਆਉਂਦੇ ਹੁੰਦੇ ਸਨ। ਮੈਂ ਤੇਰੇ ਨੇੜੇ, ਸੋਫੇ ਕੋਲ, ਊਨੀ ਕਾਲੀਨ ਉੱਤੇ ਬੈਠ ਗਿਆ ਸਾਂ—

"ਬੜੀ ਚੰਗੀ ਤੇ ਬੜੀ ਹੀ ਪਿਆਰੀ ਜਿਲ ਤੂੰ ਜੈਕ ਨੂੰ ਛੱਡ ਕੇ ਮੇਰੇ ਨਾਲ ਹਿੰਦੁਸਤਾਨ ਚੱਲ।" ਮੈਂ ਤੇਰੇ ਹੱਥ ਨੂੰ ਆਪਣੇ ਦੋਵਾਂ ਹੱਥਾਂ ਨਾਲ ਮਜ਼ਬੂਤੀ ਨਾਲ ਪਕੜਿਆ ਹੋਇਆ ਸੀ ਤੇ ਗੱਲ ਆਪਣੇ ਮੋਹ ਦੀ ਪੂਰੀ ਸੱਚਾਈ ਨਾਲ ਕਹੀ ਸੀ। ਇੰਗਲਿਸਤਾਨ ਵਿਚ ਮੇਰੀ ਟਰੇਨਿੰਗ ਕੁਝ ਮਹੀਨੇ ਬਾਅਦ ਪੂਰੀ ਹੋਣ ਵਾਲੀ ਸੀ ਤੇ ਮੇਰਾ ਹਿੰਦੁਸਤਾਨ ਵਾਪਸ ਪਰਤਣਾ ਜ਼ਰੂਰੀ ਸੀ।

"ਉਹ ਮੁਹੱਬਤ ਜਿਸ ਦੀ ਬੁਨਿਆਦ ਉਮੀਦ ਉੱਤੇ ਹੁੰਦੀ ਹੈ ਕੱਚੀ ਤੇ ਖ਼ਤਰਨਾਕ ਹੁੰਦੀ ਹੈ।" ਤੂੰ ਮੈਨੂੰ ਆਪਣੇ ਨੇੜੇ ਖਿੱਚ ਦੇ ਪਿਆਰ ਕਰਦਿਆਂ ਹੋਇਆਂ ਸਮਝਾਇਆ ਸੀ ਜਿਵੇਂ ਬਗ਼ੈਰ ਕਿਸੇ ਉਮੀਦ ਦੇ ਤੇਰੇ ਨਾਲ ਮੁਹੱਬਤ ਕਰਨਾ ਮੇਰੇ ਲਈ ਖ਼ਤਰਿਆਂ ਤੋਂ ਖ਼ਾਲੀ ਸੀ।

"ਜਿਲ ਤੂੰ ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਕਿਉਂ ਨਹੀਂ ਕਰ ਰਹੀ।" ਮੈਂ ਤੇਰੇ ਨਾਲ ਹੀ ਸੋਫੇ ਉੱਤੇ ਬੈਠ ਗਿਆ ਸੀ ਤੇ ਮੈਨੂੰ ਲੱਗਿਆ ਸੀ ਕਿ ਸੋਫੇ ਉੱਤੇ ਤੇਰਾ ਜਿਸਮ ਨਹੀਂ ਸੀ, ਮਖੱਣ ਦਾ ਬਣਿਆ ਹੋਇਆ ਬੁੱਤ ਸੀ, ਜਿਹੜਾ ਸਾਡੇ ਜਜ਼ਬਾਤ ਦੀ ਗਰਮੀ ਸਦਕਾ ਪਿਘਲਣ ਲੱਗ ਪਿਆ ਸੀ।

"ਇਸ ਲਈ ਕਿ ਜੇ ਮੈਂ ਹਾਲਾਤ ਨੂੰ ਸਮਝ ਲਿਆ ਤਾਂ ਬਿਲਕੁਲ ਇਕੱਲੀ ਹੋ ਜਾਵਾਂਗੀ ਤੇ ਨਦੀਮ ਮੈਨੂੰ ਇਕਾਂਤ ਤੋਂ ਬੜਾ ਡਰ ਲੱਗਦਾ ਹੈ।" ਤੂੰ ਮੇਰੀ ਗਰਦਨ ਵਿਚ ਦੋਵੇਂ ਬਾਹਾਂ ਪਾ ਦਿੱਤੀਆਂ ਸਨ ਤੇ ਮਖੱਣ ਦੇ ਭਰੇ ਹੌਜ ਵਿਚ ਸ਼ਾਇਦ ਮੈਂ ਡੁੱਬ ਹੀ ਚੱਲਿਆ ਸਾਂ ਤੇ ਸੋਚ ਰਿਹਾ ਸਾਂ ਕਿ ਏਨਾ ਅਹਿਮ ਫ਼ੈਸਲਾ ਕਰਨ ਦੇ ਬਜਾਏ ਅਸੀਂ ਦੋਵੇਂ ਹਮੇਸ਼ਾ ਕਿਉਂ ਉਹਨਾਂ ਰਾਹਾਂ ਉੱਤੇ ਚੱਲਣ ਲੱਗਦੇ ਹਾਂ ਜਿਹੜੇ ਖ਼ਾਮੋਸ਼ੀ ਦੀਆਂ ਘਾਟੀਆਂ ਵਿਚ ਜਾ ਕੇ ਗਵਾਚ ਜਾਂਦੇ ਹਨ।

"ਮੈਂ ਕੁਝ ਮਹੀਨੇ ਬਾਅਦ ਹਿੰਦੁਸਤਾਨ ਚਲੇ ਜਾਣਾ ਹੈ ਤੇ ਜਿੰਨੇ ਦਿਨ ਵੀ ਇੱਥੇ ਹਾਂ ਜੈਕ ਬਾਰੇ ਸੋਚਦਾ ਰਹਾਂਗਾ। ਉਹ ਲੰਦਨ ਵਿਚ ਕੰਮ ਕਰਦਾ ਹੈ ਪਰ ਜਦੋਂ ਉਸਦਾ ਜੀਅ ਕਰਦਾ ਹੈ ਸ਼ਫ਼ਲੇਡ ਆ ਸਕਦਾ ਹੈ। ਦੋਵਾਂ ਸ਼ਹਿਰਾਂ ਵਿਚਕਾਰ ਸਿਰਫ ਡੇਢ ਸੌ ਮੀਲ ਦਾ ਫ਼ਾਸਲਾ ਹੀ ਤਾਂ ਹੈ। ਤੇ ਤੂੰ—ਜਿਲ ਤੂੰ ਆਪਣੇ ਇਸ ਘਰ ਦੇ ਇਲਾਵਾ ਮੈਨੂੰ ਕਿਤੇ ਹੋਰ ਮਿਲਦੀ ਵੀ ਤਾਂ ਨਹੀਂ। ਕਿਸੇ ਦਿਨ ਬੜਾ ਵੱਡਾ ਝਗੜਾ ਹੋ ਜਾਣਾ ਏਂ।" ਮੈਂ ਤੈਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ।

"ਨਦੀਮ ਆਪਣੀ ਦੋਸਤੀ ਦਾ ਪਤਾ ਜੈਕ ਨੂੰ ਹੈ।" ਤੂੰ ਹੱਸਦਿਆਂ ਹੋਇਆਂ ਮੈਨੂੰ ਕਿਹਾ ਸੀ ਤੇ ਮੈਨੂੰ ਜਾਪਿਆ ਸੀ ਕਿ ਬਿਜਲੀ ਦਾ ਇਕ ਤੇਜ਼ ਝਟਕਾ ਮੇਰੇ ਜਿਸਮ ਨੂੰ ਲੱਗਿਆ ਸੀ ਤੇ ਮੈਂ ਸੋਫੇ ਤੋਂ ਉਠ ਕੇ ਇੰਜ ਚੌਂਕਨਾਂ ਹੋ ਗਿਆ ਸਾਂ ਜਿਵੇਂ ਤੇਰੇ ਘਰ ਦਾ ਦਰਵਾਜ਼ਾ ਖੋਹਲ ਕੇ ਜੈਕ ਆਪਣੇ ਹੱਥ ਵਿਚ ਗੋਲੀਆਂ ਦਾ ਭਰਿਆ ਪਿਸਤੌਲ ਲਈ ਅੰਦਰ ਆਉਣ ਹੀ ਵਾਲਾ ਹੋਵੇ।

"ਜੈਕ ਨੂੰ ਸਾਡੀ ਦੋਸਤੀ ਬਾਰੇ ਪਤਾ ਹੈ ਤੇ ਉਹ ਕੁਝ ਨਹੀਂ ਕਹਿੰਦਾ।" ਮੈਂ ਦੁਬਾਰਾ ਕਾਲੀਨ ਉੱਤੇ ਬੈਠਦਿਆਂ ਹੋਇਆਂ ਤੈਨੂੰ ਪੁੱਛਿਆ ਸੀ। ਮੈਂ ਸੋਚ ਰਿਹਾ ਸਾਂ ਕਿ ਤੂੰ ਮੈਨੂੰ ਸਤਾਉਣ ਲਈ ਅਜਿਹੀਆਂ ਗੱਲਾਂ ਕਰ ਰਹੀ ਸੈਂ।

"ਹਾਂ ਪਤਾ ਹੈ। ਨਦੀਮ ਇਹ ਜ਼ੁਲਮ ਨਹੀਂ ਤਾਂ ਹੋਰ ਕੀ ਹੈ ਕਿ ਇਕ ਸਿੱਧੀ ਸਾਦੀ ਪਿਆਰ ਕਰਨ ਵਾਲੀ ਵਫ਼ਾਦਾਰ ਔਰਤ ਦੇ ਮੁਕਾਬਲੇ ਵਿਚ ਮਰਦ ਇਕ ਧੋਖੇਬਾਜ਼ ਚਲਦੀ ਫਿਰਦੀ ਔਰਤ ਦੇ ਵਧੇਰੇ ਦੀਵਾਨੇ ਹੁੰਦੇ ਨੇ।" ਤੂੰ ਸੋਫੇ ਉੱਤੇ ਉਠ ਬੈਠੀ ਸੈਂ ਤੇ ਮੁਸਕਰਾ ਰਹੀ ਸੈਂ। ਤੇਰੀ ਨਿੰਮ੍ਹੀ-ਨਿੰਮ੍ਹੀ ਸੁਰਖ਼ ਮੁਸਕਾਨ ਮੈਨੂੰ ਹਮੇਸ਼ਾ ਤੋਂ ਹੀ ਚੰਗੀ ਲੱਗਦੀ ਸੀ ਪਰ ਇਸ ਵੇਲੇ ਮੇਰੀਆਂ ਹਥੇਲੀਆਂ ਪਸੀਨੇ ਨਾਲ ਭਿੱਜ ਚੁੱਕੀਆਂ ਸਨ ਤੇ ਮੇਰਾ ਹਲਕ ਖ਼ੁਸ਼ਕ ਹੋ ਚੁੱਕਿਆ ਸੀ।

"ਜਿਲ ਪਲੀਜ਼, ਤੂੰ ਮੈਨੂੰ ਸੱਚ-ਸੱਚ ਪੂਰੀ ਗੱਲ ਦੱਸ।" ਮੈਂ ਤੇਰੀ ਮਿੰਨਤ ਜਿਹੀ ਕੀਤੀ ਸੀ।

"ਸੱਚ ਬੋਲਣ ਵਾਲੇ ਕੋਲ ਕਹਿਣ ਲਈ ਕੁਛ ਵੀ ਤਾਂ ਨਹੀਂ ਹੁੰਦਾ—ਨਦੀਮ ਤੂੰ ਉਹਨਾਂ ਲੋਕਾਂ ਨਾਲ ਕਦੀ ਵੀ ਦੋਸਤੀ ਨਾ ਕਰੀਂ ਜਿਹੜੇ ਸਿਰਫ ਸੱਚ ਬੋਲਦੇ ਨੇ।" ਤੂੰ ਸੋਫੇ ਤੋਂ ਉਠ ਕੇ ਖੜ੍ਹੀ ਹੋ ਗਈ ਸੈਂ ਤੇ ਆਤਿਸ਼ਦਾਨ ਉਪਰ ਟੰਗੇ ਹੋਏ ਗੋਲ ਸ਼ੀਸ਼ੇ ਵਿਚ ਖ਼ੁਦ ਨੂੰ ਵੇਖ ਰਹੀ ਸੈਂ। ਜਦੋਂ ਤੂੰ ਉੱਥੋਂ ਹਟ ਗਈ ਸੈਂ ਤਾਂ ਮੈਂ ਕਿਹਾ ਸੀ—"ਇਕ ਹਿੰਦੁਸਤਾਨੀ ਕਹਾਵਤ ਹੈ ਕਿ ਜੇ ਤੁਹਾਡਾ ਕੋਈ ਚੰਗਾ ਦੋਸਤ ਹੋਵੇ ਤਾਂ ਫੇਰ ਤੁਹਾਨੂੰ ਸ਼ੀਸ਼ਾ ਵੇਖਣ ਦੀ ਲੋੜ ਨਹੀਂ ਹੁੰਦੀ।" ਤੇ ਤੂੰ ਇਸ ਕਹਾਵਤ ਨੂੰ ਸੁਣ ਕੇ ਇਕ ਵਾਰੀ ਸ਼ੀਸ਼ੇ ਦੇ ਸਾਹਮਣੇ ਚਲੀ ਗਈ ਸੈਂ ਤੇ ਮੈਂ ਸੋਚਣ ਲੱਗਾ ਸਾਂ ਕਿ ਲੋਕ ਆਖ਼ਰ ਸ਼ੀਸ਼ਾ ਕਿਉਂ ਦੇਖਦੇ ਹਨ! ਤੇ ਅਜ ਜਦੋਂ ਮੈਂ ਤੈਨੂੰ ਖ਼ਤ ਲਿਖਣ ਬਾਰੇ ਸੋਚ ਰਿਹਾ ਹਾਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਏਨੀਆਂ ਉਟ-ਪਟਾਂਗ ਗੱਲਾਂ ਕਰਨੀਆਂ ਤੂੰ ਕਿੱਥੋਂ ਸਿਖੀਆਂ ਨੇ! ਤੂੰ ਸ਼ੀਸ਼ੇ ਵੱਲੋਂ ਭੌਂ ਕੇ ਮੈਥੋਂ ਪੁੱਛਿਆ ਸੀ—

"ਤੂੰ ਜੈਕ ਤੋਂ ਏਨਾ ਜ਼ਿਆਦਾ ਡਰਦਾ ਏਂ ਨਦੀਮ ਤਾਂ ਫੇਰ ਮੈਨੂੰ ਮਿਲਣ ਕਿਉਂ ਆਉਂਦਾ ਹੈਂ, ਮੈਂ ਜੈਕ ਨੂੰ ਜਾਣਦੀ ਹਾਂ। ਯਾਦ ਏ ਜਦੋਂ ਛੋਟੀ ਜਿਹੀ ਸੀ ਤਾਂ ਉਸ ਦੇ ਨਾਲ ਪਹਾੜੀ 'ਤੇ ਗਈ ਸੀ।" ਤੂੰ ਮੁਸਕਰਾ ਰਹੀ ਸੈਂ ਤੇ ਮੈਂ ਕਾਲੀਨ ਤੋਂ ਉਠ ਕੇ ਤੇਰੇ ਦੋਵਾਂ ਮੋਢਿਆਂ ਉੱਤੇ ਹੱਥ ਰੱਖਦਿਆਂ ਹੋਇਆਂ ਆਪਣੀ ਹਾਰ ਮੰਨ ਲਈ ਸੀ ਤੇ ਤੈਨੂੰ ਸ਼ਾਇਦ ਕਿਹਾ ਸੀ ਜਾਂ ਸਿਰਫ ਸੋਚਿਆ ਸੀ ਕਿ ਜਿਲ ਤੂੰ ਹੀ ਉਹ ਕੁੜੀ ਏਂ ਜਿਸ ਨੇ ਜੈਕ ਨੂੰ ਪਹਾੜੀ ਉੱਤੋਂ ਧੱਕਾ ਦੇ ਦਿੱਤਾ ਸੀ। ਮੈਂ ਜੈਕ ਤੋਂ ਵਾਕਈ ਡਰਦਾ ਸਾਂ ਪਰ ਉਸ ਸ਼ਾਮ ਤੋਂ ਬਾਅਦ ਮੈਨੂੰ ਤੈਥੋਂ ਵੀ ਭੈ ਆਉਣ ਲੱਗ ਪਿਆ ਸੀ।

ਜੈਕ ਜਦੋਂ ਤਾਜ਼ ਮਹਿਲ ਵੇਖ ਕੇ ਵਾਪਸ ਆਇਆ ਤਾਂ ਮੈਂ ਉਸ ਤੋਂ ਭੈਭੀਤ ਨਹੀਂ ਸਾਂ। ਮੇਰੀ ਤੇ ਤੇਰੀ ਦੋਸਤੀ ਖ਼ਤਮ ਹੋਇਆ ਚਾਰ ਵਰ੍ਹੇ ਹੋ ਚੁੱਕੇ ਸਨ ਤੇ ਮੈਂ ਜੈਕ ਨੂੰ ਇੰਗਲਿਸਤਾਨ ਦੇ ਕਿਸੇ ਸ਼ਹਿਰ ਵਿਚ ਨਹੀਂ ਦਿੱਲੀ ਵਿਚ ਮਿਲ ਰਿਹਾ ਸਾਂ। ਜੈਕ ਨਾਲ ਗੱਲਾਂ ਕਰਕੇ ਮੈਨੂੰ ਮਹਿਸੂਸ ਹੋਇਆ ਕਿ ਉਸਦੇ ਸੁਭਾਅ ਵਿਚ ਬੱਚਿਆਂ ਵਰਗੀ ਸਾਦਗੀ ਸੀ ਹਾਲਾਂਕਿ ਉਹ ਹੁਣ ਲਾਰਡ ਕਰਜ਼ਨ ਵਰਗਾ ਨਜ਼ਰ ਆਉਣ ਲੱਗ ਪਿਆ ਸੀ। ਮੈਂ ਕਨਾਟ ਪਲੇਸ ਵਿਚ ਉਸਨੂੰ ਸ਼ਾਪਿੰਗ ਕਰਵਾਉਣ ਲੈ ਗਿਆ ਤਾਂ ਮੈਂ ਗੂੜ੍ਹੇ ਸੂਹੇ ਰੰਗ ਦਾ ਰੇਸ਼ਮ ਤੇਰੇ ਲਈ ਵੀ ਖ਼ਰੀਦਿਆ ਇਹ ਸੋਚ ਕੇ ਇਹ ਰੰਗ ਤੈਨੂੰ ਪਸੰਦ ਸੀ ਤੇ ਸਿਲਕ ਦਾ ਸੂਹਾ ਲਿਬਾਸ ਤੇਰੇ ਮੁਲਾਇਮ ਜਿਸਮ ਨੂੰ ਕੁਛ ਏਸ ਤਰ੍ਹਾਂ ਛੂਹੇਗਾ ਜਿਵੇਂ ਕਈ ਘੰਟੇ ਤੇਰੇ ਨਾਲ ਰਹਿਣ ਪਿੱਛੋਂ ਮੈਂ ਛੂਹੰਦਾ ਸਾਂ—ਚੁੱਪ, ਸਾਵਧਾਨੀ ਤੇ ਮੁਹੱਬਤ ਦੇ ਨਾਲ।

"ਜੈਕ ਇਹ ਕੱਪੜਾ ਮੇਰੇ ਵੱਲੋਂ ਆਪਣੀ ਪਤਨੀ ਨੂੰ ਦੇ ਦੇਣਾ।" ਮੈਂ ਜੈਕ ਨੂੰ ਕਿਹਾ ਸੀ।

"ਪਰ ਨਦੀਮ ਤੂੰ ਤੇ ਮੇਰੀ ਪਤਨੀ ਨੂੰ ਜਾਣਦਾ ਵੀ ਨਹੀਂ।" ਜੈਕ ਨੇ ਕੱਪੜੇ ਦਾ ਪੈਕੇਟ ਮੇਰੇ ਹੱਥੋਂ ਲੈਂਦਿਆਂ ਕਿਹਾ ਸੀ।

"ਸ਼ਾਇਦ ਓਨੀ ਚੰਗੀ ਤਰ੍ਹਾਂ ਨਹੀਂ ਜਾਣਦਾ ਜਿੰਨੀ ਚੰਗੀ ਤਰ੍ਹਾਂ ਤੂੰ ਜਾਣਦਾ ਏਂ ਜੈਕ ਪਰ ਜਿਲ ਨਾਲ ਮੇਰੀ ਦੋਸਤੀ ਸੀ। ਤੂੰ ਤਾਂ ਹਮੇਸ਼ਾ ਹਫ਼ਤਾ-ਹਫ਼ਤਾ ਭਰ ਲੰਦਨ ਵਿਚ ਰਹਿੰਦਾ ਹੁੰਦਾ ਸੈਂ।" ਮੈਨੂੰ ਜੈਕ ਨੂੰ ਇਹ ਜਵਾਬ ਦੇਂਦਿਆਂ ਹੋਇਆਂ ਅਫ਼ਸੋਸ ਹੋਇਆ ਸੀ ਕਿ ਜਿਲ ਤੂੰ ਖ਼ਾਹਮਖ਼ਾਹ ਡਰਾਉਣ ਖ਼ਾਤਰ ਕਹਿ ਦਿੱਤਾ ਸੀ ਕਿ ਤੇਰੇ ਪਤੀ ਨੂੰ ਸਾਡੀ ਦੋਸਤੀ ਦਾ ਪਤਾ ਸੀ।

"ਜਿਲ ਦਾ ਤੇ ਮੇਰਾ ਤਲਾਕ ਹੋਇਆਂ ਤਾਂ ਤਿੰਨ ਸਾਲ ਹੋ ਗਏ ਨੇ ਤੇ ਮੈਂ ਦੂਜੀ ਸ਼ਾਦੀ ਵੀ ਕਰਵਾ ਲਈ ਏ। ਨਦੀਮ ਕੀ ਤੈਨੂੰ ਇਹ ਗੱਲ ਪਤਾ ਨਹੀਂ ਸੀ?" ਜੈਕ ਨੇ ਮੈਨੂੰ ਪੁੱਛਿਆ ਸੀ।

"ਨਹੀਂ ਜਿਲ ਮੈਨੂੰ ਕਦੀ ਖ਼ਤ ਨਹੀਂ ਲਿਖਦੀ।" ਮੈਂ ਤੇਰੇ ਤਲਾਕ ਦੀ ਖ਼ਬਰ ਨਾਲੋਂ ਇਹ ਸੋਚ ਕੇ ਵਧੇਰੇ ਹੈਰਾਨ ਹੋ ਰਿਹਾ ਸਾਂ ਕਿ ਤੂੰ ਮੈਨੂੰ ਇਹ ਇਤਲਾਹ ਕਿਉਂ ਨਹੀਂ ਸੀ ਦਿੱਤੀ—ਜਦ ਕਿ ਮੇਰਾ ਪਤਾ ਤਾਂ ਤੂੰ ਹੀ ਦਿੱਤਾ ਸੀ। ਮੈਂ ਤੈਨੂੰ ਚਾਰ ਸਾਲ ਪਹਿਲਾਂ ਜੈਕ ਤੋਂ ਤਲਾਕ ਲੈਣ ਲਈ ਮਿੰਨਤਾਂ ਵੀ ਕਰਦਾ ਹੁੰਦਾ ਸੀ ਤੇ ਤਿੰਨ ਸਾਲ ਪਹਿਲਾਂ ਤੁਹਾਡਾ ਤਲਾਕ ਹੋ ਗਿਆ। ਤੂੰ ਆਪਣੇ ਭੇਦ ਛੁਪਾਈ, ਇਕ ਚੀਤੇ ਵਾਂਗ, ਕਿਸੇ ਉੱਚੇ ਦਰਖ਼ਤ ਦੀ ਡਾਲ ਉੱਤੇ ਬੈਠੀ ਆਪਣੇ ਸ਼ਿਕਾਰ ਦੀ ਉਡੀਕ ਵਿਚ ਸੈਂ। ਮੇਰਾ ਪਤਾ ਜੈਕ ਨੂੰ ਦੇਂਦਿਆਂ ਹੋਇਆਂ ਤੈਨੂੰ ਪਤਾ ਸੀ ਕਿ ਮੇਰਾ ਅਤੀਤ ਮੇਰੇ ਉਪਰ ਕਿੰਜ ਹਮਲਾ ਕਰ ਦਏਗਾ। ਮੈਂ ਸਮਝਦਾ ਸੀ ਕਿ ਮੇਰਾ ਤੇਰੇ ਨਾਲ ਉਹੀ ਰਿਸ਼ਤਾ ਹੈ ਜਿਹੜਾ ਤੇਲ ਦਾ ਦੀਵੇ ਦੀ ਬੱਤੀ ਨਾਲ ਹੁੰਦਾ ਹੈ ਪਰ ਇੰਜ ਲੱਗਦਾ ਹੈ ਕਿ ਸੁਨਹਿਰੀ ਰੰਗ ਦੇ ਤੇਲ ਨੇ ਬੱਤੀ ਨਾਲੋਂ ਰਿਸ਼ਤਾ ਤੋੜ ਲਿਆ ਹੈ। ਉਹ ਲੋਅ, ਜਿਸ ਨੇ ਹਰ ਸਮੇਂ ਰੌਸ਼ਨੀ ਖਿਲਾਰੀ ਸੀ ਤੇਰੇ ਕਹਿਣ ਅਨੁਸਾਰ ਹੀ ਸ਼ਾਇਦ ਇਕ ਪਲ ਲਈ ਭੜਕੀ ਵੀ ਹੋਏਗੀ। ਤੇਰੀ ਦੋਸਤੀ ਦੀਆਂ ਸਾਰੀਆਂ ਸੌਗਾਤਾਂ, ਤੇਰੇ ਜਿਸਮ ਦੇ ਖੇੜੇ, ਤੇਰੀ ਚੁੱਪ ਦੇ ਕਾਰਣ ਮੇਰੇ ਲਈ ਤਕਲੀਫ਼ ਦਾ ਸਬੱਬ ਬਣ ਗਏ ਹਨ। ਹੱਥਾਂ ਦਾ ਬੁੱਕ ਕਿੰਨਾ ਵੀ ਕਸਿਆ ਹੋਇਆ ਹੋਵੇ ਬਹੁਤੀ ਦੇਰ ਤਕ ਪਾਣੀ ਨੂੰ ਨਹੀਂ ਰੋਕ ਸਕਦਾ। ਕੀ ਮੇਰੀ ਤੇਰੀ ਖ਼ੋਜੀ ਹੋਈ ਖ਼ੁਸ਼ੀ ਬੁੱਕ ਵਿਚ ਭਰੇ ਪਾਣੀ ਵਰਗੀ ਸੀ? ਖ਼ਤ ਵਿਚ ਤੈਨੂੰ ਮੈਂ ਇਹ ਸਵਾਲ ਜ਼ਰੂਰ ਕਰਾਂਗਾ।

"ਨਦੀਮ—ਤੂੰ ਕਿਹੜੇ ਖ਼ਿਆਲਾਂ ਵਿਚ ਗਵਾਚ ਗਿਐਂ?" ਜੈਕ ਨੇ ਪੁੱਛਿਆ।

"ਤੇਰਾ ਤੇ ਜਿਲ ਦਾ ਤਲਾਕ ਹੋ ਗਿਆ—ਗੱਲ ਏਥੋਂ ਤਕ ਕਿਵੇਂ ਪਹੁੰਚ ਗਈ?" ਮੈਂ ਜੈਕ ਨੂੰ ਬੜੇ ਦੁਖ ਨਾਲ ਪੁੱਛਿਆ।

"ਸਾਡੇ ਤਲਾਕ ਦੀ ਖ਼ਬਰ ਸੁਣ ਕੇ ਤੂੰ ਬੇਕਾਰ ਏਨਾ ਦੁਖੀ ਹੋ ਰਿਹਾ ਹੈਂ ਨਦੀਮ—ਅਮਰੀਕਾ ਤੇ ਸਵੀਡਨ ਵਾਂਗ ਹੀ ਹੁਣ ਇੰਗਲਿਸਤਾਨ ਵਿਚ ਵੀ ਹਰ ਦੋ ਸ਼ਾਦੀਆਂ ਵਿਚੋਂ ਇਕ ਤਲਾਕ 'ਤੇ ਖ਼ਤਮ ਹੋ ਜਾਂਦੀ ਹੈ। ਪਤੀ ਤੇ ਪਤਨੀ ਦਾ ਸ਼ਾਦੀ ਦੇ ਬੰਨਣ ਤੋਂ ਆਜ਼ਾਦ ਹੋ ਜਾਣਾ ਹੁਣ ਬੜਾ ਆਸਾਨ ਹੋ ਗਿਆ ਹੈ। ਵਪਾਰਿਕ ਢਾਂਚੇ ਦਾ ਅਸਰ ਇਨਸਾਨੀ ਰਿਸ਼ਤਿਆਂ 'ਤੇ ਵੀ ਤਾਂ ਪੈਂਦਾ ਹੈ। ਜਿਵੇਂ ਮਸ਼ੀਨ ਦੇ ਪੁਰਜੇ ਬਦਲ ਲਏ ਜਾਂਦੇ ਨੇ ਪਤੀ ਪਤਨੀ ਵੀ ਬਦਲ ਲਏ ਜਾਂਦੇ ਨੇ।" ਜੈਕ ਨੇ ਮੈਨੂੰ ਸਮਝਾਇਆ ਸੀ।

"ਪਰ ਜਿਲ ਨੂੰ ਤਾਂ ਸ਼ਾਦੀਸ਼ੁਦਾ ਜ਼ਿੰਦਗੀ ਪਸੰਦ ਸੀ ਤੇ ਤੂੰ ਵੀ ਖ਼ੁਸ਼ ਲਗਦਾ ਸੀ।" ਮੈਂ ਸਵਾਲ ਕੀਤਾ।

"ਜਿਲ ਤੇ ਮੈਂ ਅਲਗ ਅਲਗ ਸ਼ਹਿਰਾਂ ਵਿਚ ਕੰਮ ਕਰਦੇ ਸਾਂ। ਉਹ ਸ਼ਫ਼ਲੇਡ ਤੋਂ ਬਾਹਰ ਨਹੀਂ ਜਾਣਾ ਚਾਹੁੰਦੀ ਸੀ ਤੇ ਖਾਸ ਕਰਕੇ ਉਹ ਘਰ ਨਹੀਂ ਛੱਡਣਾ ਚਾਹੁੰਦੀ ਸੀ ਜਿਹੜਾ ਤੂੰ ਵੇਖ ਈ ਚੁੱਕਿਆ ਏਂ। ਮੈਨੂੰ ਲੰਦਨ ਦੇ ਇਲਾਵਾ ਕਿਤੇ ਹੋਰ ਢੰਗ ਦੀ ਨੌਕਰੀ ਨਹੀਂ ਮਿਲਦੀ ਸੀ—ਤੇ ਫੇਰ ਬਹੁਤ ਸਾਰੀਆਂ ਹੋਰ ਵੀ ਛੋਟੀਆਂ ਛੋਟੀਆਂ ਗੱਲਾਂ ਸਨ—ਜਿਲ ਨੂੰ ਡਰਾਇੰਗ ਰੂਮ ਵਿਚ ਸੋਫੇ ਉੱਤੇ ਲੇਟਣਾਂ ਪਸੰਦ ਸੀ। ਉਹ ਘੰਟਿਆਂ ਬੱਧੀ ਖਿੜਕੀ ਦੇ ਬਾਹਰ ਦਰਖ਼ਤਾਂ ਤੇ ਬੂਟਿਆਂ ਨੂੰ ਘੂਰਦੀ ਰਹਿੰਦੀ, ਟੈਲੀਵਿਜ਼ਨ ਚਲਾ ਕੇ ਆਵਾਜ਼ ਬੰਦ ਕਰ ਦੇਂਦੀ।" ਜੈਕ ਕਹਿ ਰਿਹਾ ਸੀ।

"ਪਰ ਇਹ ਗੱਲਾਂ ਤਲਾਕ ਦੇਣ ਲਈ ਕਾਫੀ ਤਾਂ ਨਹੀਂ।" ਮੈਂ ਵਿਰੋਧ ਕੀਤਾ। ਸ਼ਾਇਦ ਮੈਨੂੰ ਆਸ ਸੀ ਕਿ ਜੈਕ ਮੇਰੀ ਤੇ ਤੇਰੀ ਦੋਸਤੀ ਦਾ ਤਾਅਨਾਂ ਦਏਗਾ। ਈਰਖ਼ਾ ਦੀ ਅੱਗ ਨੇ ਕੀ ਉਸਨੂੰ ਝੁਲਸਾਇਆ ਨਹੀਂ ਹੋਵੇਗਾ।

"ਇਹੀ ਗੱਲਾਂ ਜਦੋਂ ਮੁਹੱਬਤ ਦੀ ਬੁਨਿਆਦ ਬਣ ਸਕਦੀਆਂ ਹਨ ਤਾਂ ਤਲਾਕ ਦਾ ਕਾਰਣ ਵੀ ਹੋ ਸਕਦੀਆਂ ਹਨ—ਤੇ ਫੇਰ ਤੂੰ ਖ਼ੁਦ ਵੀ ਤਾਂ ਗੌਰ ਕੀਤਾ ਹੋਵੇਗਾ ਕਿ ਜਿਲ ਅਕਸਰ ਬੜੀਆਂ ਉਟ-ਪਟਾਂਗ ਗੱਲਾਂ ਕਰਦੀ ਹੁੰਦੀ ਸੀ—ਜ਼ਿੰਦਗੀ ਬਾਰੇ ਜਿਲ ਦੇ ਅਜੀਬ-ਅਜੀਬ ਵਿਚਾਰ ਸਨ—ਜਿਵੇਂ ਕਿ ਉਹ ਕਹਿੰਦੀ ਹੁੰਦੀ ਸੀ ਕਿ ਸੱਚ ਬੋਲਣ ਵਾਲੇ ਉੱਤੇ ਕਦੀ ਯਕੀਨ ਨਹੀਂ ਕਰਨਾ ਚਾਹੀਦਾ; ਪਰ ਜਾਣਦਾ ਏਂ ਨਦੀਮ ਉਹ ਖ਼ੁਦ ਹਮੇਸ਼ਾ ਸੱਚ ਬੋਲਦੀ ਸੀ। ਮੇਰੀ ਤੇ ਜਿਲ ਦੀ ਸ਼ਾਦੀ ਸੱਤ ਸਾਲ ਤਕ ਰਹੀ ਤੇ ਏਨੇ ਅਰਸੇ ਵਿਚ ਉਸਨੂੰ ਮੈਂ ਕਦੀ, ਇਕ ਵਾਰੀ ਵੀ, ਝੂਠ ਬੋਲਦਿਆਂ ਨਹੀਂ ਫੜਿਆ। ਉਹ ਜਜ਼ਬਾਤੀ ਹੋ ਜਾਣ ਨੂੰ ਬੜਾ ਮਾੜਾ ਸਮਝਦੀ ਸੀ ਪਰ ਉਹਦਾ ਉਹ ਘਰ ਤੇ ਸ਼ਫ਼ਲੇਡ ਨਾ ਛੱਡਣ ਦਾ ਫੈਸਲਾ ਬਿਲਕੁਲ ਜਜ਼ਬਾਤੀ ਸੀ। ਉਹ ਕਹਿੰਦੀ ਸੀ ਕਿ ਔਰਤ ਤੇ ਮਰਦ ਸਭ ਪੱਖਾਂ ਤੋਂ ਬਰਾਬਰ ਹੁੰਦੇ ਨੇ ਪਰ ਖ਼ੁਦ ਔਰਤ ਹੋਣ ਦਾ ਕੁਛ ਜ਼ਿਆਦਾ ਹੀ ਫਾਇਦਾ ਉਠਾਉਂਦੀ ਸੀ।" ਜੈਕ ਚੁੱਪ ਹੋ ਗਿਆ।

"ਤੈਨੂੰ ਜਿਲ ਨੂੰ ਤਲਾਕ ਦੇਣ ਦਾ ਅਫ਼ਸੋਸ ਨਹੀਂ...?" ਮੈਂ ਜੈਕ ਨੂੰ ਪੁੱਛਿਆ।

"ਹੈ ਵੀ ਤੇ ਨਹੀਂ ਵੀ। ਮੇਰੀ ਦੂਜੀ ਪਤਨੀ ਵੀ ਬੜੀ ਚੰਗੀ ਏ। ਲੰਦਨ ਵਿਚ ਉਸਦਾ ਆਪਣਾ ਘਰ ਹੈ। ਮੈਂ ਉਸਨੂੰ ਪੰਜ ਛੇ ਸਾਲ ਦਾ ਜਾਣਾ ਹਾਂ—ਪਰ ਜਿਸ ਦਿਨ ਸਾਡੇ ਤਲਾਕ ਦੀ ਕਾਰਵਾਈ ਪੂਰੀ ਹੋਈ ਸੀ ਮੈਂ ਜਿਲ ਨੂੰ ਕਈ ਵਰ੍ਹਿਆਂ ਬਾਅਦ ਗੌਰ ਨਾਲ ਦੇਖਿਆ ਸੀ। ਜਿਲ ਵਾਕਈ ਬੜੀ ਖ਼ੂਬਸੂਰਤ ਹੈ। ਖ਼ੂਬਸੂਰਤ ਔਰਤਾਂ ਦੇ ਪਤੀ ਆਪਣੀਆਂ ਪਤਨੀਆਂ ਦੇ ਹੁਸਨ ਨੂੰ ਹੌਲੀ-ਹੌਲੀ ਭੁੱਲ ਜਾਂਦੇ ਨੇ। ਮੈਂ ਹੁਣ ਕਦੀ ਸ਼ਫ਼ਲੇਡ ਜਾਂਦਾ ਹਾਂ ਤਾਂ ਜਿਲ ਨੂੰ ਮਿਲਦਾ ਹਾਂ। ਹੁਣ ਸਾਡਾ ਰਿਸ਼ਤਾ ਚੰਗੇ ਦੋਸਤਾਂ ਵਾਲਾ ਹੋ ਗਿਆ ਹੈ। ਬੜਾ ਮਜ਼ਾ ਆਉਂਦਾ ਏ। ਅੱਛਾ ਨਦੀਮ ਤੂੰ ਇਹ ਦੱਸ ਕਿ ਇਹ ਰੇਸ਼ਮ ਮੈਂ ਆਪਣੀ ਬੀਵੀ ਨੂੰ ਦਿਆਂ ਕਿ ਜਿਲ ਨੂੰ?" ਜੈਕ ਨੇ ਕੱਪੜੇ ਦੇ ਪੈਕੇਟ ਨੂੰ ਆਪਣੇ ਹੱਥ ਉੱਤੇ ਤੋਲਦਿਆਂ ਕਿਹਾ।

"ਜੇ ਮੈਂ ਇਹ ਆਖਾਂ ਕਿ ਜੈਕ ਇਹ ਪੈਕੇਟ ਤੂੰ ਆਪਣੀ ਬੀਵੀ ਨੂੰ ਦੇ ਦੇਵੀਂ ਕਿਉਂਕਿ ਇਹ ਮੈਂ ਤੇਰੀ ਬੀਵੀ ਲਈ ਖ਼ਰੀਦਿਆ ਸੀ ਤਾਂ ਇਹ ਝੂਠ ਹੋਵੇਗਾ—ਕਿਤੇ ਤੂੰ ਜਿਲ ਨਾਲ ਸੱਤ ਵਰ੍ਹੇ ਰਹਿ ਕੇ ਝੂਠ ਬੋਲਣ ਵਾਲਿਆਂ ਉੱਤੇ ਯਕੀਨ ਤਾਂ ਨਹੀਂ ਕਰਨ ਲੱਗ ਪਿਆ?"

ਜੈਕ ਕੱਲ੍ਹ ਰਾਤੀਂ ਲੰਦਨ ਪਰਤ ਗਿਆ ਹੋਏਗਾ। ਮੈਂ ਤੈਨੂੰ ਖ਼ਤ ਲਿਖ ਬਾਰੇ ਸੋਚ ਰਿਹਾ ਹਾਂ ਜਿਲ ਕਿਉਂਕਿ ਤੈਨੂੰ ਅਤੀਤ ਦੇ ਕੈਦਖ਼ਾਨੇ ਵਿਚੋਂ ਕੱਢਣ ਲਈ ਸਿਰਫ ਮੁਹੱਬਤ ਭਰੀ ਯਾਦ ਕਾਫੀ ਨਹੀਂ। ਮੈਂ ਤੈਨੂੰ ਖ਼ਤ ਲਿਖਾਂਗਾ ਤਾਂ ਪੁੱਛਾਂਗਾ ਕਿ ਜੈਕ ਨੇ ਸਵਾ ਦੋ ਗਜ਼ ਉਹ ਸੂਹਾ ਰੇਸ਼ਮ ਦੇਂਦਿਆਂ ਹੋਇਆਂ ਤੈਨੂੰ ਮੇਰੇ ਬਾਰੇ ਵਿਚ ਕੀ ਕਿਹਾ—ਕੀ ਜੈਕ ਨੇ ਮੇਰੀਆਂ ਅੱਖਾਂ ਵਿਚ ਇਹ ਆਰਜ਼ੂ ਦੇਖ ਲਈ ਸੀ ਕਿ ਖ਼ੁਸ਼ੀਆਂ ਭਰੇ ਪਲਾਂ ਦੀ ਤਲਾਸ਼ ਵਿਚ ਹੁਣ ਵੀ ਭਟਕਣ ਲਈ ਤਿਆਰ ਹਾਂ। ਜੈਕ ਨਾਲ ਗੱਲਾਂ ਕਰਕੇ ਮੈਂ ਤੇਰੇ ਸ਼ਬਦਾਂ ਦੇ ਜਾਦੂ 'ਚੋਂ ਜਾਗ ਚੁੱਕਿਆ ਹਾਂ। ਖ਼ੁਸ਼ੀਆਂ ਭਰੇ ਪਲਾਂ ਦੀ ਯਾਦ ਖ਼ੁਸ਼ੀ ਦਾ ਕਤਲ ਨਹੀਂ ਹੁੰਦੀ ਬਲਕਿ ਉਸਨੂੰ ਦੁੱਗਣਾ ਕਰ ਦੇਂਦੀ ਹੈ। ਮੈਨੂੰ ਯਕੀਨ ਹੈ ਕਿ ਮੈਂ ਤੈਨੂੰ ਖ਼ਤ ਜ਼ਰੂਰ ਲਿਖਾਂਗਾ। ਮੈਂ ਅੱਜ ਤਕ ਕਿਸੇ ਨੂੰ ਖ਼ਤ ਲਿਖਣ ਤੋਂ ਪਹਿਲਾਂ ਏਨੇ ਵਿਸਥਾਰ ਨਾਲ ਨਹੀਂ ਸੋਚਿਆ ਸੀ। ਮੈਂ ਲਿਖਾਂਗਾ ਜਿਲ ਕਿ ਮੈਨੂੰ ਤੇਰਾ ਸੋਫੇ ਉੱਤੇ ਲੇਟੇ ਰਹਿਣਾ ਪਸੰਦ ਹੈ ਤੇ ਆਵਾਜ਼ ਬੰਦ ਕਰਕੇ ਟੈਲੀਵਿਜ਼ਨ ਦੇਖਣਾ ਚੰਗਾ ਲੱਗਦਾ ਹੈ ਤੇ ਖਿੜਕੀ ਵਿਚੋਂ ਬਾਹਰ ਹਰੀ ਘਾਹ ਦੀ ਸਿੱਲ੍ਹ ਉਪਰ ਜਦੋਂ ਤੂੰ ਸਿਓ ਦੇ ਦਰਖ਼ਤਾਂ ਦੇ ਪਰਛਾਵਿਆਂ ਨੂੰ ਡੋਲਦਿਆਂ ਹੋਇਆਂ ਦੇਖ ਰਹੀ ਹੁੰਦੀ ਸੈਂ ਤਾਂ ਮੈਨੂੰ ਬੜੀ ਪਿਆਰੀ ਲੱਗ ਰਹੀ ਹੁੰਦੀ ਸੈਂ ਪਰ ਮੈਨੂੰ ਡਰ ਹੈ ਕਿ ਤੂੰ ਕਹੇਂਗੀ ਕਿ ਇਹਨਾਂ ਗੱਲਾਂ ਨੂੰ ਕਹਿਣ ਦੀ ਜਾਂ ਲਿਖਣ ਦੀ ਕੀ ਲੋੜ ਹੈ। ਉਹਨਾਂ ਨੂੰ ਸਮਝਣ ਲਈ ਤਾਂ ਖ਼ਾਮੋਸ਼ੀ ਹੀ ਕਾਫੀ ਹੁੰਦੀ ਹੈ। ਖ਼ਾਮੋਸ਼ੀ ਜਿਸ ਨੂੰ ਮੈਂ ਮੁਹੱਬਤ ਦੀ ਪਛਾਣ ਸਮਝਦਾ ਸਾਂ, ਮੇਰੇ ਲਈ ਹੁਣ ਤਕਲੀਫ਼ ਦਾ ਸਬੱਬ ਬਣ ਗਈ ਹੈ। ਤੇਰੀ ਖ਼ਾਮੋਸ਼ੀ ਕਾਰਣ ਜਿਹੜੇ ਜ਼ਖ਼ਮ ਮੇਰੇ ਹੋਏ, ਹੁਣ ਸ਼ਾਇਦ ਹਮੇਸ਼ਾ ਹੀ ਹਰੇ ਰਹਿਣਗੇ। ਮੈਂ ਸੋਚਦਾ ਹਾਂ ਜਿਲ ਕਿ ਮੈਂ ਤੈਨੂੰ ਖ਼ਤ ਨਾ ਲਿਖਾਂ। ਤੇਰੀ ਖ਼ਾਮੋਸ਼ੀ ਦਾ ਜੁਆਬ ਸ਼ਾਇਦ ਖ਼ਾਮੋਸ਼ੀ ਹੀ ਠੀਕ ਰਹੇਗਾ। ਮੇਰੇ ਲਈ ਖ਼ਤ ਲਿਖਣਾ ਵੈਸੇ ਵੀ ਕੋਈ ਆਸਾਨ ਕੰਮ ਨਹੀਂ ਤੇ ਖਾਸ ਕਰਕੇ ਤੈਨੂੰ ਖ਼ਤ ਲਿਖਣਾ—ਬੜੀ ਚੰਗੀ ਤੇ ਬੜੀ ਹੀ ਪਿਆਰੀ ਜਿਲ।

: ਅਲੀ ਬਾਕਰ
(ਅਨੁਵਾਦ: ਮਹਿੰਦਰ ਬੇਦੀ, ਜੈਤੋ)

# ਪੇਂਡੂ ਇਲਾਕਿਆਂ ਦੇ ਵਿੱਚ ਲੱਗ ਰਹੀਆਂ ਉਦਯੋਗਿਕ ਇਕਾਈਆਂ

## ਪਿੰਡਾਂ ਦਾ ਪੌਣ ਪਾਣੀ ਕਰ ਰਹੀਆਂ ਹਨ ਖ਼ਰਾਬ, ਲੋਕ ਧਰਨਾ ਪ੍ਰਦਰਸ਼ਨ ਕਰਨ ਲਈ ਮਜ਼ਬੂਰ



ਰੁਜ਼ਗਾਰ ਦੇ ਸਬੰਧ ਵਿੱਚ ਵੱਡੀਆਂ ਵੱਡੀਆਂ ਉਦਯੋਗਿਕ ਇਕਾਈਆਂ ਦਾ ਮਹੱਤਵਪੂਰਨ ਰੋਲ ਹੈ ਸਰਕਾਰੀ ਤੇ ਗੈਰ ਸਰਕਾਰੀ ਉਦਯੋਗਿਕ ਇਕਾਈਆਂ ਬਹੁਤ ਵੱਡੇ ਵੱਡੇ ਪਲਾਂਟ ਲਗਾ ਰਹੀਆਂ ਹਨ ਜਿਸ ਦੇ ਨਾਲ ਸਿੱਧੇ ਤੌਰ ਉੱਤੇ ਲੋਕਾਂ ਨੂੰ ਰੁਜ਼ਗਾਰ ਮਿਲਦਾ ਹੈ ਪਰ ਇਹਨਾਂ ਉਦਯੋਗ ਇਕਾਈਆਂ ਨੇ ਸਾਡੇ ਵਾਤਾਵਰਣ ਨੂੰ ਪਲੀਤ ਕਰਨ ਵਿੱਚ ਵੀ ਬਹੁਤ ਵੱਡਾ ਰੋਲ ਨਿਭਾਇਆ ਹੈ ਸਨਅਤੀ ਕਰਨ ਦੇ ਯੁਗ ਵਿੱਚ ਪੰਜਾਬ ਨਾਲ ਸਬੰਧਤ ਜਿਲਾ ਲੁਧਿਆਣਾ ਆਪਣੇ ਆਪ ਵਿੱਚ ਇੱਕ ਵੱਡੀ ਉਦਯੋਗ ਹੱਬ ਕਹਾ ਹੈ। ਜਦੋਂ ਲੁਧਿਆਣਾ ਵਿਕਸਤ ਹੋਇਆ ਉਸ ਵੇਲੇ ਤੋਂ ਹੀ ਇੱਥੇ ਉਦਯੋਗ ਇਕਾਈਆਂ ਛੋਟੇ ਛੋਟੇ ਰੂਪ ਵਿੱਚ ਸ਼ੁਰੂ ਹੋ ਕੇ ਅੱਜ ਵੱਡੀਆਂ ਉਦਯੋਗਕ ਇਕਾਈਆਂ ਲੱਗ ਰਹੀਆਂ ਹਨ। ਇਹ ਇਕਾਈਆਂ ਪਹਿਲਾਂ ਪਹਿਲ ਸ਼ਹਿਰੀ ਹਿੱਸੇ ਵਿੱਚ ਹੀ ਬਣੀਆ ਤੇ ਅੱਜ ਉਦਯੋਗਿਕ ਇਕਾਈ ਅਧੀਨ ਆਉਂਦੀਆਂ ਅਨੇਕਾਂ ਫੈਕਟਰੀਆਂ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਵੀ ਵੱਡੀ ਗਿਣਤੀ ਵਿੱਚ ਲੱਗਣੀਆਂ ਸ਼ੁਰੂ ਹੋ ਗਈਆਂ ਹਨ। ਪੰਜਾਬ ਦੀ ਜ਼ਮੀਨ ਦਾ ਮਹਿੰਗਾ ਮੁੱਲ ਦੇ ਕੇ ਉਦੋਯੋਗ ਇਕਾਈਆਂ ਵਾਲੇ ਜ਼ਮੀਨ ਖਰੀਦ ਦੇ ਹਨ ਫਿਰ ਉੱਤੇ ਅਲੱਗ ਅਲੱਗ ਤਰ੍ਹਾਂ ਦੇ ਕੰਮ ਸ਼ੁਰੂ ਕਰਦੇ ਹਨ। ਇਸ ਵੇਲੇ ਸਰਕਾਰ ਵੱਲੋਂ ਪੇਂਡੂ ਇਲਾਕਿਆਂ ਵਿੱਚ ਉਦਯੋਗਿਕ ਇਕਾਈਆਂ ਦੇ ਲਈ ਕਾਫੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਤੇ ਇਹ ਉਦਯੋਗਿਕ ਇਕਾਈਆਂ ਪਿੰਡਾਂ ਦੇ ਵਿੱਚ ਲੱਗਣੀਆਂ ਸ਼ੁਰੂ ਹੋ ਗਈਆਂ ਹਨ।

ਜ਼ਿਲ੍ਹਾ ਲੁਧਿਆਣਾ ਦਾ ਸਾਹਨੇਵਾਲ ਮੁੱਲਾਂਪੁਰ ਖੰਨਾ ਬੀਜਾ ਕੁਹਾੜਾ ਕਟਾਣੀ ਮਾਛੀਵਾੜਾ ਸਾਹਿਬ ਦਾ ਇਲਾਕਾ ਇੰਡਸਟਰੀ ਦੀ ਹੱਬ ਬਣ ਚੁੱਕਾ ਹੈ। ਪੇਂਡੂ ਇਲਾਕਿਆਂ ਵਿੱਚ ਜੋ ਫੈਕਟਰੀਆਂ ਲੱਗ ਰਹੀਆਂ ਹਨ ਉਹਨਾਂ ਦਾ ਵਾਤਾਵਰਣ ਨੂੰ ਖਰਾਬ ਕਰਨ ਦੇ ਵਿੱਚ ਅਹਿਮ ਯੋਗਦਾਨ ਹੈ। ਇਹ ਸਾਰਾ ਕੁਝ ਅੱਜ ਉਸ ਵੇਲੇ ਦੇਖਿਆ ਜਾ ਸਕਦਾ ਹੈ ਜਦੋਂ ਪਿੰਡਾਂ ਵਿੱਚ ਲੱਗੀਆਂ ਫੈਕਟਰੀਆਂ ਕਾਰਨ ਜਿੱਥੇ ਪਾਣੀ ਹਵਾ ਪਲੀਤ ਹੋਈ ਹੈ ਉਥੇ ਹੀ ਹੋਰ ਨੁਕਸਾਨ ਤੋਂ ਬਚਣ ਦੇ ਲਈ ਪੇਂਡੂ ਇਲਾਕਿਆਂ ਦੇ ਵਸਨੀਕ ਇਹਨਾਂ ਫੈਕਟਰੀਆਂ ਦੇ ਵਿਰੁੱਧ ਧਰਨਾ ਪ੍ਰਦਰਸ਼ਨ ਕਰਨ ਲਈ ਮਜਬੂਰ ਹੋ ਗਏ ਹਨ। ਇਸ ਦੀ ਉਦਾਹਰਣ ਇਸ ਲੇਖ ਦੇ ਨਾਲ ਛਪੀਆਂ ਇਕ ਦਿਨ ਦੀਆਂ ਤਿੰਨ ਖਬਰਾਂ ਤੋਂ ਹਨ ਜੋ ਕਿ ਜਗਰਾਉਂ, ਬੀਜਾ ਤੇ ਮਾਛੀਵਾੜਾ ਸਮਰਾਲਾ ਇਲਾਕੇ ਦੇ ਪਿੰਡ ਮੁਸਕਾਬਾਦ ਦੇ ਲੋਕ ਵੀ ਬਾਇਓ ਗੈਸ ਪਲਾਂਟ, ਜੋ ਬਣਨ ਜਾ ਰਿਹਾ ਹੈ ਉਸ ਨੂੰ ਰੋਕਣ ਦੇ ਲਈ ਧਰਨਾ ਪ੍ਰਦਰਸ਼ਨ ਕਰ ਰਹੇ ਹਨ।

ਇਥੇ ਇਹ ਸਵਾਲ ਵੀ ਉੱਠਦਾ ਹੈ ਕਿ ਬਹੁਤੇ ਫੈਕਟਰੀਆਂ ਵਾਲੇ ਸਰਕਾਰੀ ਅਦਾਰਿਆਂ ਦੇ ਬਾਬੂਆਂ ਨੂੰ ਰਿਸ਼ਵਤ ਦੇ ਕੇ ਬਹੁਤ ਕੁਝ ਪਾਸ ਕਰਵਾ ਲੈਂਦੇ ਹਨ ਜੋ ਕਿ ਇਹ ਵੀ ਨਹੀਂ ਮੰਨਦੇ ਕਿ ਉਨਾਂ ਦੀ ਫੈਕਟਰੀ ਕਾਰਨ ਹੀ ਵਾਤਾਵਰਣ ਖਰਾਬ ਹੋ ਰਿਹਾ ਹੈ ਖਾਸ ਕਰਕੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਸਰਗਰਮੀਆਂ ਇਸ ਪਾਸੇ ਵੱਲ ਨੂੰ ਬਿਲਕੁਲ ਵੀ ਨਹੀਂ ਹਨ। ਲੋਕ ਬਿਮਾਰੀਆਂ ਵਿੱਚ ਜਕੜੇ ਜਾ ਰਹੇ ਹਨ। ਆਉਣ ਵਾਲੇ ਬੱਚਿਆਂ ਦੀ ਸਿਹਤ ਪ੍ਰਤੀ ਸੁਚੇਤ ਹੁੰਦਿਆਂ ਇਨਾਂ ਫੈਕਟਰੀਆਂ ਵਿਰੁੱਧ ਧਰਨਾ ਪ੍ਰਦਰਸ਼ਨ ਲਾਉਣ ਲਈ ਮਜ਼ਬੂਰ ਹਨ।



ਬਲਬੀਰ ਸਿੰਘ ਬੱਬੀ
7009107300

# ਪੰਜਾਬੀ ਮੇਰੀ ਬੋਲੀ ਏ




ਇਸ ਮਿੱਟੀ ਮੈਨੂੰ ਮੂੰਹ ਦਿੱਤਾ ਇਸ ਆਲ੍ਹਣੇ ਮੈਂ ਚੁੰਝ ਖੋਲ੍ਹੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਕੁੱਝ ਬੋਲਣ ਤੇ ਜੇ ਆ ਜਾਵਾਂ ਇਜ਼ਹਾਰਾਂ ਦੇ ਰਾਹ ਫੇਰਾਂ ਮੈਂ
ਸੁਰਕਾਵਾਂ ਸੀਨਾ ਸਿੱਪੀਆਂ ਦਾ ਸੋਚਾਂ ਦੇ ਮੋਤੀ ਕੇਰਾਂ ਮੈਂ
ਆ ਵੇਖੋ ਸੱਜਣੋ ਕੋਲ ਮੇਰੇ ਹਰਫ਼ਾਂ ਦੀ ਭਰੀ ਭੜੋਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਇਸ ਪਿਆਰ ਪਰੁੱਪੇ ਪਿੰਡੇ ਨੇ ਪੰਜਾਂ ਦਾ ਪਾਣੀ ਪੀਤਾ ਏ
ਤਾਹੀਓਂ ਤਾਂ ਮੇਰੇ ਇਸ਼ਕੇ ਨੇਂ ਯਾਰੀ ਨੂੰ ਜ਼ਿੰਦਾ ਕੀਤਾ ਏ
ਜਿਥੇ ਵੀ ਹੁਕਮ ਹਜ਼ੂਰ ਹੋਇਆ ਪਾਣੀ ਦੀ ਥਾਂ ਰੱਤ ਡੋਲ੍ਹੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਕਿਰਦਾਰ ਕਹਾਣੀ ਕੀਹ ਦਸਾਂ ਇਕ ਮਾਤਾ ਦੇ ਮਤਵਾਲੇ ਦੀ
ਇਹ ਭਗਤ ਸਿੰਘ ਦੀ ਭੂਮੀ ਏ ਸਹੁੰ ਮੈਨੂੰ ਜਲ੍ਹਿਆਂਵਾਲੇ ਦੀ
ਮੈਂ ਅਣਖ਼ਾਂ ਇੱਜ਼ਤਾਂ ਦੀ ਤਕੜੀ ਸੂਲੀ ਦੇ ਸਾਂਵੇਂ ਤੋਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਰੰਗ ਭਿੰਨੇ ਇਕ ਇਕ ਫੁੱਲ ਫੁੱਲ ਦੇ ਪਈ ਧਰਤੀ ਆਖੇ ਜੀ ਓਏ ਜੀ
ਪਿੱਪਲਾਂ ਤੇ ਕੋਇਲਾਂ ਕੂ ਕੂ ਕੂ ਪਏ ਗਾਣ ਪਪੀਹੇ ਪੀ ਪੀ ਪੀ
ਇਹ ਗੁਟਕੂੰ ਗੁਟਕੂੰ ਕੁਮਰੀ ਏ ਮੁਟਿਆਰ ਮਲੂਕ ਮਮੂਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਲਾ ਡੀਕਾਂ ਇਥੇ ਅਕਲਾਂ ਨੇ ਇਲਮਾਂ ਦੇ ਸਮੰਦਰ ਪੀਤੇ ਨੇਂ
ਇਹ ਬੁਲ੍ਹੇ ਸ਼ਾਹ ਦੀ ਧਰਤੀ ਏ ਏਸ ਬਾਹੂ/ਨਾਨਕ ਪੈਦਾ ਕੀਤੇ ਨੇਂ
ਇਹ ਟਿੱਲਾ ਬਾਲਾ ਨਾਥਾਂ ਦਾ ਇਹ ਵਾਰਿਸ ਸ਼ਾਹ ਦੀ ਡੋਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਕਾਗ਼ਜ਼ ਤੇ ਚੰਨ ਉਭਾਰੇ ਨੇਂ ਚਾਨਣ ਦਾ ਤੰਬੂ ਤਾਂ ਤਣਿਆ
ਮੈਂ ਐਵੇਂ ਰਾਂਝੇ ਦੀ ਮਿਠੜੀ ਵੰਝਲੀ ਦਾ ਵਾਰਿਸ ਨਈਂ ਬਣਿਆ
ਤਾਰੀਖ਼ਾਂ ਦੇ ਕੱਦ ਨਾਪੇ ਨੇਂ ਸਦੀਆਂ ਦੀ ਕੁੱਖ ਫਰੋਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਇਕਬਾਲ ਦੇ ਅਕਲਾਂ ਤੋਂ ਲੈ ਕੇ ਫ਼ੈਜ਼ ਦੀ ਕਲਮ ਦੇ ਵਾਰਾਂ ਤੱਕ
ਆ ਗਏ ਅਮ੍ਰਿਤਾ ਪ੍ਰੀਤਮ ਜਏ ਇਕ ਕਵੀ ਦੇ ਸੰਘਣੇ ਪਿਆਰਾਂ ਤੱਕ
ਇਹ ਧਰਤੀ ਸਦਾ ਸੁਹਾਗਣ ਏਂ ਅੱਜ ਭਰਵੀਂ ਇਹਦੀ ਝੋਲ਼ੀ ਏ
ਮੈਂ ਦੇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ

ਮੈਂ ਆਪਣੇ ਰੰਗ ਦਾ ਸ਼ਾਇਰ ਆਂ ਕੋਈ ਤਾਂਘ 'ਜ਼ਹੂਰ' ਨਈਂ ਗ਼ੈਰਾਂ ਦੀ
ਬੁੱਤ ਮੇਰੇ ਦੀ ਮਾਲਿਕ ਮਿੱਟੀ ਏ ਮੈਂ ਲੈ ਕੇ ਤੇਰੇ ਪੈਰਾਂ ਦੀ
ਸੋਚਾਂ ਦੇ ਵਰਕੇ ਵਰਕੇ ਤੇ ਅੱਖਰਾਂ ਦੀ ਸ਼ੱਕਰ ਘੋਲੀ ਏ
ਮੈਂ ਇਸ ਪੰਜਾਬ ਦਾ ਪੁੱਤਰ ਹਾਂ ਪੰਜਾਬੀ ਮੇਰੀ ਬੋਲੀ ਏ
2. ਲੇਖਾਂ ਦੀਆਂ ਧੁੱਪਾਂ, ਕਦੇ ਛਾਵਾਂ ਲੁੱਟ ਲਿਆ ਏ
ਲੇਖਾਂ ਦੀਆਂ ਧੁੱਪਾਂ, ਕਦੇ ਛਾਵਾਂ ਲੁੱਟ ਲਿਆ ਏ,
ਤਲੀਆਂ ਨੂੰ ਸੂਲਾਂ ਵਾਲੇ, ਰਾਹਵਾਂ ਲੁੱਟ ਲਿਆ ਏ।

## – ਸ਼ਾਂਤੀ, ਪ੍ਰੇਮ ਅਤੇ ਕੁਦਰਤੀ ਸਾਧਨਾਂ ਦੇ ਬੈਰਾਗ ਦਾ ਪ੍ਰਤੀਕ –

# ਜਨਜਾਤੀ ਮੁਖੀ ਚੀਫ਼ ਸਿਆਟਲ ਦਾ ਭਾਸ਼ਣ

ਅਠਾਰ੍ਹਵੀਂ ਉਨੀਵੀਂ ਸਦੀ ਵਿੱਚ ਉੱਤਰੀ ਅਮਰੀਕਾ ਦੇ ਮੂਲ ਵਾਸੀਆਂ ਪਾਸੋਂ ਉਨ੍ਹਾਂ ਦੀ ਜੱਦੀ ਜ਼ਮੀਨ ਲੈ ਲਈ ਗਈ। ਇੱਥੇ ਆ ਕੇ ਵੱਸੇ ਯੂਰਪੀ ਗੋਰਿਆਂ ਨੇ ਕਾਫੀ ਲੰਮੇ ਸਮੇਂ ਦੇ ਤਕਰਾਰਾਂ, ਧੱਕਿਆਂ, ਸਮਝੌਤਿਆਂ ਤੋਂ ਬਾਅਦ ਇਸ ਜ਼ਮੀਨ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਜਿਸ ਦੇ ਬਦਲੇ ਵਿਚ ਮੂਲ ਵਾਸੀਆਂ ਨੂੰ ਛੋਟੇ ਮੋਟੇ ਅਧਿਕਾਰ ਅਤੇ ਰਾਖਵਾਂਕਰਨ ਦੇ ਵਾਅਦੇ ਬਗੈਰਾ ਕੀਤੇ ਗਏ। ਜਿਹੜੇ ਕਿ ਹੂਬਹੂ ਕਦੇ ਵੀ ਪੂਰੇ ਨਹੀਂ ਹੋਏ। ਇਨ੍ਹਾਂ ਮੂਲ ਵਾਸੀਆਂ ਵਿਚ ਕਈ ਜਨ ਜਾਤੀਆਂ ਅਤੇ ਕਬੀਲੇ ਦੇ ਲੋਕ ਸਨ । ਦੁਵਾਮਿਸ਼ ਜਨ ਜਾਤੀ ਦੇ ਇੱਕ ਮੁਖੀ, ਚੀਫ਼ ਸਿਆਟਲ ਉਸ ਸਮੇਂ ਦੇ ਜਨ-ਜਾਤੀ ਕਬੀਲਿਆਂ ਦਾ ਵਿਸ਼ਵ ਨਜ਼ਰੀਆ ਪੇਸ਼ ਕਰਨ ਵਾਲਾ ਪ੍ਰਤੀਨਿਧ ਆਗੂ ਸੀ। ਸਿਆਟਲ ਨੇ ਹੀ 1855 ਈਸਵੀ ਦੇ ਪੁਆਇੰਟ ਇਲੀਅਟ ਦੇ ਸਮਝੌਤੇ ਤੇ ਦਸਤਖ਼ਤ ਵੀ ਕੀਤੇ ਸਨ। ਜਿਸ ਰਾਹੀਂ ਇਹਨਾਂ ਲੋਕਾਂ ਨੂੰ ਸ਼ਿਕਾਰ ਕਰਨ ਅਤੇ ਮੱਛੀਆਂ ਫੜਨ ਦੇ ਅਧਿਕਾਰ ਦਿੱਤੇ ਗਏ ਸਨ ।ਭਰੇ ਮਨ ਨਾਲ ਇਹਨਾਂ ਆਪਣੀ ਜ਼ਮੀਨ ਅਮਰੀਕਾ ਸਰਕਾਰ ਨੂੰ ਸੌਂਪ ਦਿੱਤੀ ਸੀ। ਇਹ ਲੋਕ ਧਰਤੀ ਨੂੰ, ਦਰਿਆਵਾਂ ਨੂੰ, ਜੰਗਲਾਂ ਨੂੰ ਬਹੁਤ ਜਿਆਦਾ ਪਿਆਰ ਕਰਦੇ ਸਨ। ਸਿਆਟਲ ਹੀ ਉਹ ਵਿਅਕਤੀ ਸੀ ,ਜਿਸ ਦੀ ਮੂਲ ਨਿਵਾਸੀਆਂ ਅਤੇ ਯੂਰਪੀਅਨਾਂ ਵਿੱਚ ਸ਼ਾਂਤੀ ਅਤੇ ਸੁਖਾਵੇਂ ਸੰਬੰਧ ਬਣਾਈ ਰੱਖਣ ਦੇ ਯਤਨਾਂ ਨੂੰ ਮਾਣ ਦੇਣ ਲਈ ਡਾਕਟਰ ਮੈਨਾਰਡ, ਡੇਵਿਡ ਸਵਿਨਸਨ ਅਤੇ ਆਰਥਰ ਏ. ਡੈਨੀ ਨੇ ਅਮਰੀਕਾ ਦੇ ਸ਼ਹਿਰ ਦਾ ਨਾਂ ਉਸ ਦੇ ਨਾਮ ਤੇ ਸਿਆਟਲ ਰੱਖਿਆ। ਚੀਫ਼ ਸਿਆਟਲ ਦਾ ਜਨਮ 1786 ਈਸਵੀ ਅਤੇ ਮੌਤ 1866 ਈਸਵੀ ਵਿੱਚ ਹੋਈ। ਉਹ ਆਪਣੇ ਜੀਵਨ ਕਾਲ ਵਿੱਚ ਆਪਣੇ ਕਬੀਲੇ ਦੇ ਲੋਕਾਂ ਦੇ ਲਈ ਜਿਉਂਦਾ ਰਿਹਾ ਅਤੇ ਗੋਰਿਆਂ ਨਾਲ ਚੰਗੇ ਸੰਬੰਧ ਬਣਾਉਣ ਲਈ ਜੱਦੋ ਜਹਿਦ ਕਰਦਾ ਰਿਹਾ। ਅੱਜ ਅਸੀਂ ਉਸ ਦੇ 11 ਮਾਰਚ 1854 ਈਸਵੀ ਦੇ ਉਸ ਇਤਿਹਾਸਕ ਭਾਸ਼ਣ ਨੂੰ ਯਾਦ ਕਰ ਰਹੇ ਹਾਂ ਜਿਹੜਾ ਉਸ ਨੇ ਸਿਆਟਲ ਦੇ ਖੁੱਲੇ ਮੈਦਾਨ ਵਿੱਚ ਹਜ਼ਾਰਾਂ ਲੋਕਾਂ ਦੇ ਸਾਹਮਣੇ ਆਪਣੀ ਜਮੀਨ ਨੂੰ ਗੋਰਿਆਂ ਨੂੰ ਸੌਂਪਣ ਸਮੇਂ ਦਿੱਤਾ। ਇਸ ਭਾਸ਼ਣ ਵਿਚੋਂ ਉਸ ਦਾ ਆਪਣੇ ਲੋਕਾਂ ਪ੍ਰਤੀ, ਆਪਣੀ ਧਰਤੀ ਅਤੇ ਵਾਤਾਵਰਣ ਸੰਬੰਧੀ ਪਿਆਰ ਤਾਂ ਪ੍ਰਗਟ ਹੋ ਹੀ ਰਿਹਾ ਹੈ, ਪਰ ਇੱਕ ਪਰਮਾਤਮਾ ਦੇ ਮੰਨਣ ਨਾਲ ਜੋ ਨਸਲੀ ਵਿਤਕਰੇ ਤੇ ਉਸ ਨੇ ਇਤਰਾਜ ਪ੍ਰਗਟਾਇਆ ਹੈ, ਉਹ ਵੀ ਬਹੁਤ ਮਹੱਤਵਪੂਰਨ ਹੈ। ਇਸ ਭਾਸ਼ਣ ਦੀ ਭਾਵਨਾ ਅੱਜ ਵੀ ਅਤੇ ਵਿਸ਼ਵ ਦੇ ਕਿਸੇ ਵੀ ਕੋਨੇ ਵਿੱਚ ਉਤਨੀ ਹੀ ਸਾਰਥਕ ਹੈ, ਜਿੰਨੀ ਉਸ ਸਮੇਂ ਇਹ ਉੱਤਰੀ ਅਮਰੀਕਨ ਭਾਰਤੀ ਲੋਕਾਂ ਲਈ ਸੀ। ਇਸ ਭਾਸ਼ਣ ਦੇ ਮੂਲ ਪਾਠ ਦੀ ਪ੍ਰਮਾਣਿਕਤਾ ਬਾਰੇ ਤਾਂ ਪੂਰਾ ਦਾਅਵਾ ਨਹੀਂ ਕਰ ਸਕਦੇ, ਪਰ ਉਸਦੀ ਭਾਵਨਾ ਅਤੇ ਵਿਸ਼ਾ ਪੂਰਨ ਓਹੀ ਹੈ। ਸਮੇਂ ਦੀਆਂ ਪਰਤਾਂ ਨੇ ਹੋ ਸਕਦਾ ਏ, ਕੁਝ ਸ਼ਬਦਾਂ ਵਿੱਚ ਤਬਦੀਲੀ ਲੈ ਆਂਦੀ ਹੋਵੇ।




ਸਿਆਟਲ ਦੇ ਭਾਸ਼ਣ ਦੇ ਤਿੰਨ ਮੁੱਖ ਹਿੱਸੇ ਹਨ। ਪਹਿਲੇ ਵਿੱਚ ਉਸ ਦਾ ਕੁਦਰਤ ਨਾਲ ਸੰਬੰਧ ਜਾਹਿਰ ਹੁੰਦਾ ਹੈ, ਦੂਜੇ ਹਿੱਸੇ ਵਿੱਚ ਇੱਕ ਦੂਜੇ ਨਾਲ ਪਿਆਰ ਸੰਬੰਧ ਅਤੇ ਤੀਸਰੇ ਹਿੱਸੇ ਵਿੱਚ ਇੱਕੋ ਪਰਮਾਤਮਾ ਦੇ ਰਾਹੀਂ ਸਾਂਝੀ ਤਕਦੀਰ ਦਾ ਜਿਕਰ ਹੈ।

**1.ਕੁਦਰਤ ਨਾਲ ਸੰਬੰਧ :-** ਭਾਸ਼ਣ ਦੇ ਪਹਿਲੇ ਹਿੱਸੇ ਵਿੱਚ ਉਸ ਦਾ ਆਪਣੀ ਉਸ ਭੂਮੀ ਪ੍ਰਤੀ, ਉਸ ਦੇ ਦਰਿਆਵਾਂ, ਜੰਗਲ,ਪੰਛੀਆਂ,ਜਾਨਵਰਾਂ ਅਤੇ ਬਨਸਪਤੀ ਨਾਲ ਪਿਆਰ ਪ੍ਰਗਟ ਹੁੰਦਾ ਹੈ। ਆਓ ਸਿਆਟਲ ਦੇ ਸ਼ਬਦਾਂ ਨੂੰ ਮਾਣੀਏ --

'ਜੇ ਤੁਹਾਡੇ ਕੋਲ ਤਾਜ਼ੀ ਹਵਾ ਦੇ ਬੁੱਲੇ ਅਤੇ ਜਲ ਦੀਆਂ ਫੁਹਾਰਾਂ ਨਹੀਂ ਹਨ, ਉਹਨਾਂ ਨੂੰ ਕਿਵੇਂ ਅਤੇ ਕਿੱਥੋਂ ਖਰੀਦੋਗੇ ? ਧਰਤੀ ਦਾ ਹਰੇਕ ਟੋਟਾ ਮੇਰੇ ਲੋਕਾਂ ਲਈ ਪਾਕਿ ਪਵਿੱਤਰ ਹੈ। ਦੇਵਦਾਰ ਦੀਆਂ ਨੁਕੀਲੀਆਂ ਸੂਈਆਂ, ਹਰ ਰੇਤਲਾ ਕਿਨਾਰਾ, ਸੰਘਣੇ ਜੰਗਲਾਂ ਦਾ ਹਰ ਕੁਹਾਸਾ, ਹਰ ਚਰਾਗਾਹ, ਹਰ ਭਿਣ ਭਿਣ ਕਰਦਾ ਕੀਟ ਮੇਰੇ ਲੋਕਾਂ ਦੇ ਤਜਰਬੇ ਅਤੇ ਯਾਦਾਂ ਵਿੱਚ ਪਾਕ ਪਵਿੱਤਰ ਹਨ। ਸਾਨੂੰ ਅਹਿਸਾਸ ਹੈ ਕਿ ਦਰੱਖਤਾਂ ਵਿਚੋਂ ਵਹਿੰਦੇ ਹੋਏ ਰਸ ਨੂੰ ਅਸੀਂ ਆਪਣਾ ਖੂਨ ਸਮਝਦੇ ਹਾਂ, ਜਿਹੜਾ ਸਾਡੀਆਂ ਨਾੜੀਆਂ ਵਿੱਚੋਂ ਵਗ ਰਿਹਾ ਹੈ। ਅਸੀਂ ਇਸ ਭੂਮੀ ਦਾ ਇੱਕ ਜਿਉਂਦਾ ਜਾਗਦਾ ਹਿੱਸਾ ਹਾਂ ਅਤੇ ਇਹ ਸਾਡਾ ਹਿੱਸਾ ਹੈ। ਮਹਿਕਦੇ ਫੁੱਲ ਸਾਡੀਆਂ ਭੈਣਾਂ ਹਨ। ਰਿੱਛ, ਭਾਲੂ, ਵਿਰਾਟ ਬਾਜ਼ ਸਾਡੇ ਭਰਾ ਹਨ। ਚਟਾਨੀ ਉਚਾਈਆਂ, ਜੂਸ ਅਤੇ ਚਰਾਂਦਾਂ ,ਟੱਟੂ ਦੇ ਸਰੀਰ ਦੀ ਗਰਮੀ ਅਤੇ ਮਨੁੱਖ ਇਹ ਸਭ ਇੱਕ ਹੀ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਨਦੀਆਂ ਅਤੇ ਦਰਿਆਵਾਂ ਚੋਂ ਵਹਿੰਦੇ ਹੋਏ ਲਹਿਲਹਾਉਂਦੇ ਪਾਣੀ ਨੂੰ ਸਿਰਫ ਪਾਣੀ ਹੀ ਨਾ ਜਾਣੋ, ਇਹ ਸਾਡੇ ਵੱਡੇ ਵਡੇਰਿਆਂ ਦਾ ਖੂਨ ਹੈ। ਜੇ ਅਸੀਂ ਆਪਣੀ ਭੂਮੀ ਤੁਹਾਨੂੰ ਵੇਚਦੇ ਹਾਂ, ਤਾਂ ਯਾਦ ਰੱਖਿਓ ਇਹ ਸਾਡੇ ਲਈ ਬਹੁਤ ਹੀ ਪਵਿੱਤਰ ਹੈ। ਝੀਲਾਂ ਦੇ ਸਾਫ਼ ਪਾਣੀ ਵਿੱਚ ਪੈਂਦਾ ਹਰ ਪਰੇਤਮਈ ਪ੍ਰਤੀਬਿੰਬ ਮੇਰੇ ਲੋਕਾਂ ਦੇ ਜੀਵਨ ਦੀਆਂ ਘਟਨਾਵਾਂ ਅਤੇ ਸਾਂਝਾਂ ਦੱਸਦਾ ਹੈ। ਪਾਣੀ ਦੀ ਗੜਗੜਾਹਟ ਸਾਡੇ ਪੁਰਖਿਆਂ ਦੀ ਆਵਾਜ਼ ਹੈ। ਦਰਿਆ ਸਾਡੇ ਭਰਾ ਹਨ।

ਉਹ ਸਾਡੀ ਪਿਆਸ ਬੁਝਾਉਂਦੇ ਹਨ। ਉਹ ਸਾਡੇ ਬੇੜਿਆਂ ਨੂੰ ਠੇਲ੍ਹਦੇ ਹਨ ਅਤੇ ਸਾਡੇ ਬੱਚਿਆਂ ਨੂੰ ਪਾਲ਼ਦੇ ਹਨ। ਇਸ ਲਈ ਤੁਸੀਂ ਇਹਨਾਂ ਦਰਿਆਵਾਂ ਪ੍ਰਤੀ ਉਤਨੀ ਹੀ ਦਇਆ ਅਤੇ ਸੁਹਿਰਦਤਾ ਰੱਖਣੀ, ਜਿਤਨੀ ਤੁਸੀਂ ਆਪਣੇ ਭਰਾ ਪ੍ਰਤੀ ਰੱਖਦੇ ਹੋ।'

**2.ਆਪਸੀ ਸੰਬੰਧ :-** ਵਿਅਕਤੀ ਦੇ ਵਿਅਕਤੀ ਨਾਲ ਸੰਬੰਧ ਬਹੁਤ ਮਹੱਤਵਪੂਰਨ ਹਨ। ਜਿੱਥੇ ਸਿਆਟਲ ਸ਼ਹਿਰਾਂ ਦੀ ਮਸ਼ੀਨੀ ਜਿਹੀ ਸਭਿਅਤਾ ਨੂੰ ਪਸੰਦ ਨਹੀਂ ਕਰਦਾ, ਉੱਥੇ ਇਹ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦਾ ਕਿ ਇਹਨਾਂ ਵਿੱਚ ਜ਼ਿੰਦਗੀ ਦੀ ਧੜਕਣ ਨਹੀਂ ਹੈ। ਉਸਦੇ ਸ਼ਬਦਾਂ ਨੂੰ ਦੇਖੋ- 'ਸਾਡੇ ਜੀਵਨ ਢੰਗ ਤੁਹਾਡੇ ਨਾਲੋਂ ਵੱਖਰੇ ਹਨ। ਤੁਹਾਡੇ ਸ਼ਹਿਰਾਂ ਦੀਆਂ ਨਜ਼ਰਾਂ ਲਾਲ ਆਦਮੀ (ਉੱਤਰੀ ਅਮਰੀਕਨ ਭਾਰਤੀ ਮੂਲ ਨਿਵਾਸੀਆਂ ਨੂੰ ਕਿਹਾ ਹੈ) ਨੂੰ ਤਕਲੀਫ਼ ਪੁਚਾਉਂਦੀਆਂ ਹਨ। ਗੋਰੇ ਲੋਕਾਂ (ਯੂਰਪੀਅਨ, ਜੋ ਇੱਥੇ ਆ ਕੇ ਸੈੱਟ ਹੋਏ, ਉਨ੍ਹਾਂ ਵੱਲ ਇਸ਼ਾਰਾ ਹੈ) ਦੇ ਸ਼ਹਿਰਾਂ ਵਿੱਚ ਕੋਈ ਵੀ ਜਗ੍ਹਾ ਸ਼ਾਂਤ ਨਹੀਂ ਹੈ। ਕੋਈ ਵੀ ਥਾਂ ਅਜਿਹੀ ਨਹੀਂ ਲੱਭਦੀ, ਜਿੱਥੇ ਬਸੰਤ ਰੁੱਤ ਵਿੱਚ ਹਵਾ 'ਚ ਖੜਕਦੇ ਪੱਤਿਆਂ ਦੀ ਜਾਂ ਕਿਸੇ ਕੀਟ ਦੇ ਖੰਭਾਂ ਦੀ ਭਿਣਭਿਣਾਹਟ ਸੁਣੀ ਜਾ ਸਕਦੀ ਹੋਵੇ। ਅਤੇ ਇੱਕ ਇਨਸਾਨ ਦੀ ਜ਼ਿੰਦਗੀ ਕਿਸ ਅਰਥ ਰਹਿ ਜਾਏਗੀ ਜੇ ਉਹ ਵਿਪਰਵਲ (ਇੱਕ ਅਮਰੀਕਨ ਪੰਛੀ) ਦੀ ਪਿਆਰੀ ਕੂਕ ਜਾਂ ਡੱਡੂਆਂ ਦੀ ਟਰੈਂ ਟਰੈਂ ਨਹੀਂ ਸੁਣ ਸਕਦਾ ? ਭਾਰਤੀ, ਤਲਾਅ ਦੇ ਉਪਰੋਂ ਵਗਦੀ ਹੋਈ ਪੌਣ ਦੀ ਮੱਠੀ ਆਵਾਜ਼ ਅਤੇ ਦੁਪਹਿਰ ਦੇ ਮੀਂਹ ਦੁਆਰਾ ਧੋਤੀ ਹੋਈ ਹਵਾ ਦੀ ਮਹਿਕ ਨੂੰ ਮਾਣਦਾ ਅਤੇ ਪਸੰਦ ਕਰਦਾ ਹੈ। ਲਾਲ ਆਦਮੀ ਲਈ ਹਵਾ ਬਹੁਤ ਕੀਮਤੀ ਹੈ ਕਿਉਂਕਿ ਹਰ ਜੀਵ ਇੱਕੋ ਤਰਾਂ ਸਾਹ ਲੈਂਦਾ ਹੈ। ਬੀਸਟ (ਅਮਰੀਕਨ ਜਾਨਵਰ), ਦਰੱਖਤ ਅਤੇ ਮਨੁੱਖ ਸਭ ਇੱਕੋ ਤਰ੍ਹਾਂ ਤਾਂ ਸਾਹ ਲੈਂਦੇ ਹਨ। ਸਿਰਫ਼ ਇੱਕ ਮਰ ਰਹੇ ਪ੍ਰਾਣੀ ਨੂੰ ਤੇਜ਼ ਅਤੇ ਅਸੁਖਾਵੀ ਦੁਰਗੰਧ ਵੀ ਮਹਿਸੂਸ ਨਹੀਂ ਹੁੰਦੀ। ਪਰ ਜੇ ਅਸੀਂ ਆਪਣੀ ਭੂਮੀ ਤੁਹਾਨੂੰ ਵੇਚੀਏ, ਤੁਸੀਂ ਯਾਦ ਰੱਖਣਾ ਕਿ ਹਵਾ ਸਾਡੇ ਲਈ ਬਹੁਤ ਜਿਆਦਾ ਕੀਮਤੀ ਹੈ। ਅਤੇ ਹਵਾ ਜ਼ਿੰਦਗੀ ਦੀ ਅਧਾਰ ਪ੍ਰਾਣ ਸ਼ਕਤੀ ਨੂੰ ਵੰਡਦੀ ਹੈ।'

'ਹਵਾ, ਜਿਸ ਵਿੱਚ ਸਾਡੇ ਪੁਰਖਿਆਂ ਨੇ ਪਹਿਲਾ ਸਾਹ ਲਿਆ, ਜਿਸ ਵਿੱਚ ਉਹਨਾਂ ਨੇ ਆਖਰੀ ਸਾਹ ਵੀ ਲਿਆ ਸੀ। ਜੇ ਅੱਜ ਅਸੀਂ ਆਪਣੀ ਜ਼ਮੀਨ ਤੁਹਾਨੂੰ ਵੇਚੀਏ, ਤੁਸੀਂ ਇਸਨੂੰ ਸੰਭਾਲ ਕੇ ਅਤੇ ਪਵਿੱਤਰਤਾ ਨਾਲ ਅਜਿਹੀ ਥਾਂ ਵਾਂਗ ਰੱਖਿਓ, ਜਿੱਥੇ ਇੱਕ ਗੋਰਾ ਵਿਅਕਤੀ (ਯੂਰਪੀਅਨ) ਵੀ ਉਸ ਹਵਾ ਦਾ ਆਨੰਦ ਲੈਣ ਜਾਵੇ, ਜਿਹੜੀ ਕਿ ਚਰਾਂਦਾਂ ਦੇ ਫੁੱਲਾਂ ਨਾਲ ਮਹਿਕਾਈ ਗਈ ਹੈ।'

'ਆਦਮੀ ਬੀਸਟ ਤੋਂ ਬਿਨਾਂ ਕਾਹਦੇ ਜੋਗਾ ਹੈ ? ਜੇ ਸਾਰੇ ਬੀਸਟ ਖ਼ਤਮ ਹੋ ਗਏ, ਇਸ ਮਨੁੱਖ ਦੀ ਰੂਹ ਵੀ ਇੱਕਲਤਾ ਕਰਕੇ ਹੀ ਮਰ ਜਾਵੇਗੀ। ਸਾਰੇ ਜੀਵ ਆਪਸ ਵਿੱਚ ਚੰਗੀ ਤਰਾਂ ਜੁੜੇ ਹੋਏ ਹਨ।'

'ਤੁਸੀਂ ਆਪਣੇ ਬੱਚਿਆਂ ਨੂੰ ਜ਼ਰੂਰ ਸਿਖਾਉਣਾ ਕਿ ਉਹਨਾਂ ਦੇ ਪੈਰਾਂ ਹੇਠਲੀ ਜ਼ਮੀਨ, ਸਾਡੇ ਬਜ਼ੁਰਗਾਂ ਦੀ ਅੰਤਿਮ ਰਾਖ ਹੈ। ਤਾਂ ਕਿ ਉਹ ਜ਼ਮੀਨ ਦਾ ਸਤਿਕਾਰ ਕਰ ਸਕਣ। ਆਪਣੇ ਬੱਚਿਆਂ ਨੂੰ ਦੱਸੋ ਕਿ ਭੂਮੀ ਸਾਡੇ ਪੁਰਖਿਆਂ ਦੀਆਂ ਜ਼ਿੰਦਗੀਆਂ ਨਾਲ ਭਰਪੂਰ ਹੈ। ਜੇ ਕੋਈ ਵਿਅਕਤੀ ਇਸ ਜ਼ਮੀਨ ਤੇ ਥੁੱਕਦਾ ਹੈ, ਤਾਂ ਉਹ ਆਪਣੇ ਵੱਡੇ ਵਡੇਰਿਆਂ ਤੇ ਥੁੱਕ ਰਿਹਾ ਹੈ। ਸਾਨੂੰ ਪਤਾ ਹੈ ਕਿ ਧਰਤੀ ਵਿਅਕਤੀ ਦੀ ਨਹੀਂ ਹੈ, ਸਗੋਂ ਮਨੁੱਖ ਧਰਤੀ ਦਾ ਹੈ। ਅਸੀਂ ਚੰਗੀ ਤਰਾਂ ਸਮਝਦੇ ਹਾਂ ਕਿ ਸਾਰੀਆਂ ਚੀਜ਼ਾਂ ਅਤੇ ਸਾਰੇ ਜੀਵ ਉਸ ਖੂਨ ਵਾਂਗ ਜੁੜੇ ਹੋਏ ਹਨ, ਜਿਹੜਾ ਇੱਕ ਪਰਿਵਾਰ ਨੂੰ ਜੋੜਦਾ ਹੈ। ਸਭ ਕੁਝ ਹੀ ਆਪਸ ਵਿੱਚ ਸੰਬੰਧਿਤ ਹੈ।'

**3.ਸਾਂਝੀ ਤਕਦੀਰ:-** ਇਹ ਕਬੀਲੇ ਪ੍ਰਮਾਤਮਾ ਵਿੱਚ ਵਿਸ਼ਵਾਸ਼ ਰੱਖਦੇ ਹਨ। ਸਿਆਟਲ ਦਾ ਪਰਮਾਤਮਾ ਸਭ ਨੂੰ ਇੱਕੋ ਨਜਰ ਨਾਲ ਦੇਖਦਾ ਹੈ ਅਤੇ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਕਰਦਾ। ਉਹ ਨਸਲੀ ਵਿਤਕਰੇ ਵਿਰੁੱਧ ਆਪਣੇ ਪ੍ਰਭੂ ਤੋਂ ਤਾਕਤ ਲੈਂਦਾ ਹੈ ਪਰ ਉਸਦਾ ਇਹ ਵਿਸ਼ਵਾਸ਼ ਵੀ ਹੈ ਕਿ ਗੋਰਿਆਂ ਨੂੰ ਤਾਕਤਵਰ ਵੀ ਉਸਨੇ ਹੀ ਬਣਾਇਆ ਹੈ। ਉਸ ਦੀ ਸਾਂਝੀ ਤਕਦੀਰ ਦਾ ਬਿਆਨ ਪੜ੍ਹੋ--

'ਇੱਕ ਗੋਰਾ ਵਿਅਕਤੀ ਜਿਸ ਦਾ ਰੱਬ ਉਸ ਨਾਲ ਦੋਸਤਾਂ ਵਾਂਗ ਤੁਰਦਾ ਹੈ ਅਤੇ ਦੋਸਤਾਂ ਵਾਂਗ ਗੱਲ ਕਰਦਾ ਹੈ, ਸਾਂਝੀ ਤਕਦੀਰ ਤੋਂ ਬਚ ਨਹੀਂ ਸਕਦਾ। ਆਖਰ ਅਸੀਂ ਸਾਰੇ ਹੀ ਭਰਾ ਹੋ ਸਕਦੇ ਹਾਂ। ਇੱਕ ਗੱਲ ਪੱਕੀ ਜੋ ਸਾਨੂੰ ਪਤਾ ਹੈ ਅਤੇ ਇੱਕ ਦਿਨ ਗੋਰਾ ਮਨੁੱਖ ਵੀ ਜਾਣ ਜਾਏਗਾ, ਉਹ ਇਹ ਹੈ ਕਿ ਸਾਡਾ ਰੱਬ ਵੀ ਓਹੀ ਹੈ, ਉਨ੍ਹਾਂ ਵਾਲਾ ਹੀ। ਕਿਉਂਕਿ ਤੁਸੀਂ ਸਾਡੀ ਜਮੀਨ ਲੈਣ ਦੀ ਇੱਛਾ ਰੱਖਦੇ ਹੋ, ਪਰ ਇਸ ਤਰਾਂ ਨਹੀਂ ਹੋ ਸਕਦਾ। ਰੱਬ ਦਾ ਪਿਆਰ ਗੋਰੇ ਨਾਲ ਅਤੇ ਲਾਲ ਆਦਮੀ ਨਾਲ ਇੱਕੋ ਜਿਹਾ ਹੈ। ਉਸ ਲਈ ਇਸ ਧਰਤ ਦੀ ਬਹੁਤ ਕੀਮਤ ਅਤੇ ਮਹੱਤਤਾ ਹੈ। ਧਰਤ ਨੂੰ ਜ਼ਰਾ ਜਿੰਨਾ ਵੀ ਖਰਾਬ ਕਰਨਾ ਉਸਦੇ ਹੁਕਮ ਦੀ ਹੁਕਮ ਅਦੂਲੀ ਹੈ। ਗੋਰੇ ਵੀ ਇੱਕ ਦਿਨ ਮਰ ਜਾਣਗੇ, ਸ਼ਾਇਦ ਕਬੀਲਿਆਂ ਨਾਲੋਂ ਵੀ ਛੇਤੀ ਹੀ।

ਪਰ ਯਾਦ ਰੱਖਿਓ, ਆਪਣੇ ਰਹਿਣ ਦੀ ਥਾਂ ਨੂੰ ਦੂਸ਼ਿਤ ਕਰੋਗੇ ਤਾਂ ਇੱਕ ਦਿਨ ਆਪਣੇ ਹੀ ਰਹਿੰਦ-ਖੂੰਹਦ ਦੀ ਸੜ੍ਹਾਂਦ ਨਾਲ ਮਰ ਜਾਓਗੇ।'

'ਪਰ ਤੁਹਾਡੇ ਖ਼ਾਕ ਹੋਣ ਸਮੇਂ ਤੁਸੀਂ ਪਰਮਾਤਮਾ ਦੀ ਤਾਕਤ ਨਾਲ ਚਮਕਣ ਲੱਗੋਗੇ ਜਿਸ ਨੇ ਤੁਹਾਨੂੰ ਜ਼ਮੀਨ ਦਿਵਾਈ ਹੈ। ਅਤੇ ਕਿਸੇ ਖਾਸ ਕਾਰਨ ਕਰਕੇ ਇਸ ਜ਼ਮੀਨ ਉੱਪਰ ਅਤੇ ਲਾਲ ਆਦਮੀਆਂ ਉੱਪਰ ਅਧਿਕਾਰ ਦਿੱਤਾ ਹੈ।'

ਇਹਨਾਂ ਸ਼ਬਦਾਂ ਵਿਚੋਂ ਕੁਦਰਤ ਨਾਲ ਅਤੇ ਵਾਤਾਵਰਣ ਨਾਲ ਰੂਹ ਦਾ ਪਿਆਰ ਝਲਕਦਾ ਹੈ। ਜੇ ਹਰ ਮਨੁੱਖ ਆਪਣੇ ਕੁਦਰਤੀ ਵਸੀਲਿਆਂ ਨੂੰ ਇਸ ਇਸ਼ਕ ਦੀ ਇੰਤਹਾ ਤੱਕ ਚਾਹੁਣ ਲੱਗ ਜਾਵੇ, ਤਾਂ ਸਾਰੀ ਦੁਨੀਆਂ ਸਵਰਗ ਬਣ ਸਕਦੀ ਹੈ।



ਜਸਵਿੰਦਰ ਸਿੰਘ ਰੁਪਾਲ
9814715796

# ਹਰ ਬੰਦਾ ਕਰਜਾਈ ਏ...

ਜਿੱਥੇ ਹਰ ਬੰਦਾ ਕਰਜਾਈ ਏ,
ਚਾਹੇ ਭੈਣ ਤੇ ਚਾਹੇ ਭਾਈ ਏ।

ਨਸ਼ਿਆਂ ਵਿੱਚ ਰੁੜ੍ਹੀ ਜਵਾਨੀ ਏ,
ਚਾਹੇ ਬੰਦਾ ਚਾਹੇ ਜਨਾਨੀ ਏ।

ਬੱਚਿਆਂ ਦੇ ਹੱਥ ਸਰਿੰਜਾਂ ਨੇ,
ਮਾਪਿਆਂ ਦੇ ਅੱਖੀਂ ਹਿੰਝਾਂ ਨੇ।

ਜਿੱਥੇ ਗੱਲ ਧਰਮ ਤੇ ਜਾਤਾਂ ਦੀ,
ਨਾ ਵਿਗੜੇ ਹੋਏ ਹਲਾਤਾਂ ਦੀ।

ਜਿੱਥੇ ਵਿੱਦਿਆ ਨਹੀਂ ਜਰੂਰੀ ਏ,
ਜਿੱਥੇ ਚਲਦੀ ਜੀ ਹਜ਼ੂਰੀ ਏ।

ਜਿੱਥੇ ਅਨਪੜ੍ਹ ਰਾਸ਼ੀ ਦੱਸਦੇ ਨੇ,
ਪੈਸੇ ਲੁੱਟ ਕੇ ਪਿੱਛੋਂ ਹੱਸਦੇ ਨੇ।

ਜਿੱਥੇ ਬਲਾਤਕਾਰੀ ਨੂੰ ਸਜਾ ਨਹੀਂ,
ਠੱਗੀ ਚੋਰੀ ਦੇ ਬਿਨ ਮਜਾ ਨਹੀਂ।

ਜਿੱਥੇ ਅਨਪੜ੍ਹ ਦੇਸ਼ ਚਲਾਉਂਦੇ ਨੇ,
ਡਿਗਰੀਆਂ ਵਾਲੇ ਰੌਲਾ ਪਾਉਂਦੇ ਨੇ।

ਪਰ ਉਹਨਾਂ ਨੂੰ ਰੁਜ਼ਗਾਰ ਨਹੀਂ,
ਭੁੱਖੇ ਮਰਨ ਕੋਈ ਸਰੋਕਾਰ ਨਹੀਂ।

ਜਿੱਥੇ ਟੈਕਸ ਲੱਗਦੇ ਗਾਵਾਂ ਦੇ,
ਪੁੱਤਰ ਮਰਦੇ ਰੋਜ ਨੇ ਮਾਵਾਂ ਦੇ।

ਟੈਕਸ ਲੈਂਦੇ ਟੁੱਟੀਆਂ ਸੜਕਾਂ ਜੀ,
ਰੇਤਾ ਬਜਰੀ ਖਾ ਵਿੱਚ ਮੜਕਾਂ ਜੀ।

ਜਿੱਥੇ ਧੀਆਂ ਭੈਣਾਂ ਸੇਫ ਨਹੀਂ,
ਵਿੱਛੋਂ ਭੁੱਖੇ ਤਨ ਤੇ ਲੇਫ ਨਹੀਂ।

ਲੱਖਾਂ ਕਤਲ ਕਰਾਉਣੇ ਪੈ ਗਏ ਸੀ,
ਕੁਝ ਇਧਰ ਉਧਰ ਰਹਿ ਗਏ ਸੀ।

ਉਨ੍ਹਾਂ ਲਾਸ਼ਾਂ ਤੇ ਅਸੀਂ ਨੱਚਦੇ ਆਂ,
ਅਤੇ ਇਹਨੂੰ ਅਜਾਦੀ ਦੱਸਦੇ ਆਂ।

ਇਹਨੂੰ ਹੱਲਾ ਗੁੱਲਾ ਕਹਿੰਦੇ ਆ,
ਬਾਪੂ ਦੱਸਦਾ ਹੰਝੂ ਵਹਿੰਦੇ ਆ।

ਫਿਰ ਦੱਸੋ ਕਿਹੜੀ ਅਜਾਦੀ ਏ,
ਨਿੱਤ ਹੁੰਦੀ ਪਈ ਬਰਬਾਦੀ ਏ।

ਚਲੋ ਜਾਗੋ ਕੁਝ ਤਾਂ ਹੋਸ਼ ਕਰੋ,
ਹੱਕ ਲੈਣੇ ਮੱਲ੍ਹੀਆ ਜੋਸ਼ ਭਰੋ।

ਸ਼ਮਸ਼ੇਰ ਸਿੰਘ ਮੱਲ੍ਹੀ ਪਿੰਡ ਫੂਲ
90565 62524

# ਭਵਿੱਖਬਾਣੀ...

ਬਾਬਾ ਕਰਦਾ ਸੀ ਭਵਿੱਖਬਾਣੀ,
ਆਖੇ ਜਮਾਂ ਆਹਲੀ ਨੀ ਜਾਣੀ।

ਲਾ ਕੇ ਕਾਲੇ ਮਾਲ ਵਾਲਾ ਡੱਕਾ,
ਕਹਿੰਦਾ ਸੁਖਬੀਰ ਬਣੂਗਾ ਪੱਕਾ।

ਕੁਰਸੀ ਸੀ ਐਮ ਦੀ ਤੇ ਬਹਿ ਜਾਊ,
ਪਹਿਲਾ ਕੁਰਸੀ ਉੱਤੋਂ ਲਹਿ ਜਾਊ।

ਹੋ ਗਈ ਮਹਿਮਾ ਚਾਰ ਚੁਫੇਰੇ,
ਲੱਗੀ ਆਉਣ ਸੰਗਤ ਬਈ ਡੇਰੇ।

ਏਨੇ ਸਾਕ ਵਾਲਾ ਕੋਈ ਆ ਗਿਆ,
ਰੁਪਈਆ ਦੇ ਸ਼ਗਨ ਸੀ ਲਾ ਗਿਆ।

ਹੋ ਗਿਆ ਵਿਆਹ ਧੁੰਮ ਸੀ ਮੱਚੀ,
ਵਹੁਟੀ ਮਿਲ ਗਈ ਸੋਹਣ ਸੁਨੱਖੀ।

ਵਹੁਟੀ ਕਹਿੰਦੀ ਮੈਂ ਗੁਣ ਗਾਊਂ,
ਡੱਬੀ ਅਫੀਮ ਦੀ ਚੁੱਕ ਲਿਆਊਂ।

ਕਹਿੰਦੀ ਬਾਬਾ ਜੇ ਮੈਨੂੰ ਕਹਿਦੂ,
ਨਾਗਣੀ ਵਿੱਚ ਪਰਸ ਦੇ ਪੈਜੂ।

ਵੇਖ ਲਓ ਬਾਬੇ ਦੇ ਅੱਜ ਕਾਰੇ,
ਭਵਿੱਖ ਜੋ ਲੋਕਾਂ ਵਾਲੇ ਸੰਵਾਰੇ।

ਭਵਿੱਖ ਨਾ ਵੇਖ ਆਪਣਾ ਸੱਕਿਆ,
ਕੀ ਏ ਰਾਸ਼ੀ ਵਿੱਚ ਲਿਖ ਰੱਖਿਆ।

ਗੋਲੀ ਸੱਸ ਦੇ ਪੱਟ ਵਿੱਚ ਮਾਰੀ,
ਪਿੱਛੋਂ ਮਾਰ ਗਿਆ ਆਪ ਉਡਾਰੀ।

ਇਸ ਲਈ ਫੂਲ ਵਾਲਾ ਸੱਚ ਕਹਿੰਦਾ,
ਤਾਂਹੀਓ ਪਾਖੰਡ ਦੇ ਵਿੱਚ ਨਹੀਂ ਪੈਂਦਾ।

ਜਿਹੜਾ ਭਵਿੱਖ ਆਪਣਾ ਨਾ ਜਾਣੇ,
ਕੀ ਉਹਦੇ ਪੱਲੇ ਬਣੋ ਸਿਆਣੇ।

ਘਰ ਨਾ ਆਪਣੇ ਕਦੇ ਲੁਟਾਇਓ,
ਮੱਲ੍ਹੀ ਪਖੰਡੀਆਂ ਦੇ ਨਾ ਜਾਇਓ।













